
ਟੀਕੇ ਦੇ ਹਕ ਰਾਖਵੇਂ ਹਨ ।

* ਅਸਲੀ ਸੋਧੀ ਹੋਈ *

# ਸਾਰੁਕਤਾਵਲੀ

## ਸਟੀਕ

## ਗ੍ਰੰਥ ਬੁਧ ਪ੍ਰਕਾਸ਼



ਟੀਕਾਕਾਰ—ਮਹੰਤ ਅਤਰ ਸਿੰਘ ਜੀ ਗਿਆਨੀ ਮੁਕਤਸਰ

ਪ੍ਰਕਾਸ਼ਕ:-

ਲਾਲਾ ਮਾਘੀ ਰਾਮ ਸੰਤ ਰਾਮ ਐਂਡ ਸਨੰਜ਼

ਪੁਸਤਕਾਂ ਵਾਲੇ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ।

ਭੇਟਾ ੧।) ਇਕ ਰੁਪਿਆ ੨੫ ਨਵੇਂ ਪੈਸੇ

Sri Satguru Jagjit Singh Ji Elibrary NamdhariElibrary@gmail.com



# *Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

## To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

kirpal singh chana

ੇਖ ਕੋ

੧ ੳ ਸਤਿਗੁਰਪ੍ਰਸਾਦਿ ॥

# ਅਥ ਸਾਰੁਕਤਾਵਲੀ ਭਾਖਾ ਲਿਖ੍ਯਤੇ ॥

ਟੀਕਾ ਕਾਰ–ਸੰਤ ਬਿਰਕਤ ਨਿਰਮਲੇ ਗਿਆਨੀ ਅਤਰ ਸਿੰਘ ਜੀ

ਪ੍ਰਕਾਸ਼ਕ–ਲਾਲਾ ਮਾਘੀ ਰਾਮ ਸੰਤਰਾਮ ਪੁਸਤਕਾਂ ਵਾਲੇ
ਬਜ਼ਾਰ ਮਾਈ ਸੇਵਾਂ ਅੰਮ੍ਰਿਤਸਰ

---

**ਦੋਹਰਾ॥ ਸ੍ਰੀ ਪਤਿ ਪ੍ਰਿਥਮ ਨਮਾਮਿ ਮਮ ਯੋਗੀ ਰਿਦੈ ਨਿਵਾਸ॥ ਭੋਗੀ ਰਿਦਯ ਉਦਾਸ ਵੈ ਮਨ ਸੁਮਤਿ ਪ੍ਰਕਾਸ॥ ੧ ॥**

ਸ੍ਰੀ ਜੋ ਲਛਮੀ ਹੈ ਤਿਨਾ ਦੇ ਪਤੀ ਜੋ ਬਿਸ਼ਨੂੰ ਭਗਵਾਨ ਹਨ ਤਿਨਾਂ ਨੂੰ ਮੇਰੀ ਪਹਿਲਾਂ ਨਮਸ਼ਕਾਰ ਹੈ । ਸ੍ਰੀ ਵਿਸ਼ਨੂੰ ਮਹਾਰਾਜ ਜੋਗੀਓਂ ਦੇ ਰਿਦੇ ਮੇਂ ਨਿਵਾਸ ਕਰਤੇ ਹੈਂ ਅਰ ਜੋ ਭੋਗੀ ਪੁਰਸ਼ ਹੈਂ ਤ..ਾ ਦੇ ਜੋ ਹਿਰਦੇ ਹੈਂ ਉਹ ਪ੍ਰਭੂ ਵਲ ਉਦਾਸ ਰਹਤੇ ਹੈਂ ਐਸੇ ਜੋ ਵਿਸ਼ਨੂੰ ਜੀ ਹੈਨ ਸੋ ਮੇਰੀ ਬੁਧੀ ਕੋ ਪਰਕਾਸ਼ ਚੇਤਨ ਕਰਨ ।

**ਦਵੈਯਾ ਛੰਦ॥ ਗਣ ਪਤਿ ਨ੍ਰਿਪਵਤ ਭਗਤ ਪ੍ਰਜਾ ਕੇ ਨਮੋ ਕਣੰਕਰ ਅੰਗੀਕਾਰ॥**

ਸ੍ਰੀ ਗਨੇਸ਼ ਮਹਾਰਾਜ ਕੈਸੇ ਹੈਂ ਰਾਜਿਓਂ ਸਮਾਨ ਹੈਂ । ਰਾਜਿਓਂ ਕੀ ਤੋ ਪਰਜਾ ਹੋਤੀ ਹੈ? ਇਨਕੀ ਪਰਜਾ ਭਗਤ ਜਨ ਹੈਂ । ਰਾਜਾ ਤੋ ਕਰ ਲੇਤਾ ਹੈ? ਇਹ ਨਮਸ਼ਕਾਰ ਹੀ ਕਰ ਲੇਤੇ ਹੈਂ ।

**ਕਾਮ ਚੋਰ ਬਿਘਨੀ ਬੁਧਿ ਸਸਿ ਕੇ ਪ੍ਰਤਿ ਦਿਨ ਕਰ ਹੈ ਤਾਸ ਪ੍ਰਹਾਰ॥**

ਕਾਮ ਜੋ ਚੋਰ ਵਤ ਹੈ ਬੁਧੀ ਰੂਪੀ ਖੇਤੀ ਮੇਂ ਵਿਘਨ ਕਰਨਵਾਲੇ ਉਨ

Sri Satguru Jagjit Singh Ji Elibrary NamdhariElibrary@gmail.com

...ਨ ਰਾਤਰ ਮੈਂ ਨਾਸ ਕਰਤੇ ਹੈਂ।ਰਾਜਿਓਂਕੇ ਤੋ ਮਹਲ ਹੋਤੇ ਹੈਂ?

**ਰਿਦਯ ਨਕੇਤ ਸਮਾਦਿ ਵਿਭੂਤੰ ਕਰ... ਕਰ ਕਰ ਹੈ ਬਿਸਥਾਰ॥ਤਾਤੇ ਮੈਂ ਤਿਸ ਕਰੁਣਾ ਕਰਨੇ ਕੋ ਕਰੋਂ ਅਨੇਕ ਸੁਭਾਵ ਜੁਹਾਰ ॥੨॥**

ਗਨੇਸ਼ ਜੀ ਮਹਾਰਾਜ ਕੇ ਜੋ ਭਗਤ ਹੈਂ ਤਿਨਕੇ ਹਿਰਦੇ ਜੋ ਹੈਨ ਸੋ ਤੋ ਹਮਲ ਹੈਂ। ਰਾਜੇ ਕੇ ਧਨ ਖਜਾਨੇ ਹੋਤੇ ਹੈਂ ਗਨੇਸ਼ ਜੀ ਪਾਸ ਸਾਮਦਾਮ ਰੂਪ ਖਜਾਨਾ ਹੈ ਜੋ ਆਪਨੇ ਭਗਤ ਕਉ ਹਮੇਸ਼ਾਂ ਹੀ ਬਧਾਉਂਦੇ ਰੈਂਹਦੇ ਹੈ ਐਸੇ ਜੋ ਸ੍ਰੀ ਗਨੇਸ਼ ਮਹਾਰਾਜ ਕਿਰਪਾ ਕੀ ਖਾਨ ਤਿਸ ਕਉ ਮੈਂ ਅਨੇਕ ਵਾਰ ਪਰਣਾਮ ਕਰਤਾ ਹੂੰ।

**ਭੁਜੰਗ ਪ੍ਰਯਾਤ ਛੰਦ ॥ ਨਮੋ ਸਾਰਦਾ ਮਾ... ਵਿਦਯਾ ਪ੍ਰਦੈਨੀ ॥ ਕਰੋ ਮੇਧ ਮੇਧਾ ਜਥਾ ਕੰ ਤ੍ਰਿਬੈਨੀ॥ ਕਰੋ ਨਸਟ ਮੋਹਾਦਿ ਸਾਂਤਾਦਿ ਦਿਜੈ॥ ਹਰੋ ਅਪਕਾਰੀ ਰਿਦੈ ਧਾਮ ਕਿਜੈ ॥ ੩ ॥**

ਨਮਸ਼ਕਾਰ ਕਰਦਾ ਹੈ ਮਾਤਾ ਸੁਰਸਤੀ ਤਾਈਂ ਸੋ ਕੈਸੇ ਹੈ ਵਿਦਿਆ ਕੇ ਦੇਨੇ ਵਾਲੀ ਹੈ ਹੇ ਮਾਤਾ ਸਾਰਦਾ ਮੇਰੀ ਬੁਧੀਕੋ ਪਵਿਤ੍ਰ ਅਰ ਨਿਰਮਲ ਕਰ ਦੇਉ। ਜੈਸੇ ਗੰਗਾ ਜਮਣਾ ਸੁਰਸਤੀ ਦਾ ਜਲ ਨਿਰਮਲ ਹੈ ਹੇ ਮਾਤਾ ਜੀ ਮੇਰੇ ਹਿਰਦੇ ਵਿਚੋਂ ਮੋਹ ਆਦਿਕ ਜੋ ਹੈਂ ਸੋ ਸ਼ਭ ਨਸ਼ਟ ਕਰ ਦੇਵੋ। ਅਰ ਸ਼ਾਤ ਆਦਿਕ ਜੋ ਗੁਣ ਹੈ ਓਹ ਮੈਨੂੰ ਦਾਨ ਕਰੋ ਜਿਸ ਕਰਕੇ ਮੇਰਾ ਮਨ ਆਪਦੇ ਚਰਨਾਂ ਦਾ ਪਰੇਮੀ ਹੋਵੇ ਜੋ ਵਿਘਨ ਪਾਨ ਵਾਲੇ ਔਗਣ ਹੈਂ ਸੋ ਸਭੀ ਮਾਤਾ ਜੀ ਦੂਰ ਕਰੋ ਅਰ ਸ਼ੁਭ ਗੁਣ ਮੇਰੇ ਹਿਰਦੇ ਵਿਚ ਪਰਵੇਸ਼ ਕਰੋ ਅਰਥਾਤ ਘਰ ਕਰੋ।

**ਦੋਹਰਾ॥ ਅਬ ਸ੍ਰੀ ਸਾਰੁਕਤਾਵਲੀ ਭਾਖਾ**

ਕ੍ਰਿਤ ਹਰਿ ਦਯਾਲ॥ ਵਰਣ ਅਰਥ ਕੇ ਦੋਖ ਕੋ
ਬੁਧਿ ਜਨ ਪਢੋ ਸੰਭਾਲ॥

ਇਸਤੇ ਉਪਰੰਤ ਸੁਭਾਏਵਾਨ ਸਟੇਸਟ ਉਤਮ ਜੁਗਤੀ ਅਰ ਪੰਗਤੀ ਵਾਲਾ ਜੋ ਗਰੰਥ ਹੈ। ਤਿਸ ਕਉ ਭਾਸ਼ਾ ਮੇਂ ਹਰਦਿਆਲ ਕਵੀ ਜੀ ਕਰਤੇ ਹੈਂ ਜਿਥੇ ਵਧ ਘਟ ਅਛਰ ਜਾ ਅਰਥ ਠੀਕ ਨਾ ਹੋਵੇ ਤਾਂ ਬੁਧੀਵਾਨ ਕਵੀਓ ਆਪ ਸੁਧ ਕਰ ਪੜ ਲਵੇ।

ਨਉ ਘਟ ਦ੍ਵੈ ਸਤ ਮੂਲ ਬ੍ਰਿਤਿ ਪੰਦ੍ਰਸ ਤਿਹ
ਅਧਯਾਯ॥ ਕੰਠ ਧਰੇ ਜੜ੍ਹਤਾ ਹਰੇ ਮੰਗਲ
ਅੰਗ ਲਗਾਇ॥

ਏਹ ਜੋ ਗਰੰਥ ਹੈ ਤਿਸਕੇ ਨੌਂ ਘਟ ਦੋ ਸੌ ਸਲੋਕ ਹੈਂ ਸ਼ਾਸਤ੍ਰੀ ਦੇ ਔਰ ਪੰਦਰਾਂ ਧਿਆਏ ਹੈਂ ਇਸਕੇ ਪੜਨੇ ਕਰਕੇ ਮੂਰਖ ਬੁਧ ਦੂਰ ਹੋਤੀ ਹੈ ਬਾਰ ਬਾਰ ਇਸਕੋ ਬਿਚਾਰਨ ਕਰਕੇ ਖੁਸ਼ੀ ਔਰ ਮੰਗਲ ਪਰਾਪਤ ਹੋਤਾ ਹੈ।

ਭਾਖਾ ਸਾਰੁਕਤਾਵਲੀ ਸੂਕਤਾਵਲੀਮੂਲ॥ ਕੇਚਿਤ
ਭਾਖੈ ਸਭਾ ਜਿਤ ਤ੍ਰੈ ਨਾਮ ਅਨਕੂਲ॥ ੬ ॥

ਇਸ ਗਰੰਥ ਦੇ ਤਿੰਨ ਨਾਮ ਹੈਂ। ਭਾਸ਼ਾ ਵਿਚ ਸਾਰਕਤਾਵਲੀ ਹੈ ਸੰਸਕ੍ਰਿਤ ਮੇਂ ਸੂਕਤਾਵਲੀ ਕਹਤੇ ਹੈਂ ਕਈ ਬੁਧੀਵਾਨ ਇਸ ਕਉ ਸਭਾਜਿਤਉਚਾਰਨ ਕਰਤੇਹੈਂ ਤਿੰਨਹੀ ਨਾਮ ਸਰੇਸ਼ਟਅਰਅਨਕੂਲਹੈਂ।

ਅਬ ਦੋ ਸਲੋਕ ਕਰਕੇ ਮੰਗਲਾ ਚਰਨ ਕਹੇ ਹੈਂ॥

ਛਪਯ ਛੰਦ॥ ਧਰਮ ਸਰਬ ਸੁਖ ਖਾਨ ਜਾਨ
ਸਭ ਕੋ ਹਿਤਕਾਰੀ॥ ਧਰਮ ਧਰੇ ਬੁਧਿਮਾਨ
ਨਿਰੰਤਰ ਚੀਤ ਮਝਾਰੀ॥

ਧਰਮ ਜੋ ਆਪਣਾ ਹੈ ਏਹੀ ਸਰਬ ਸੁਖਨ ਕੀ ਖਾਨ ਹੈ। ਔਰ ਮੁਕਤੀ ਦੇਣੇ ਵਾਲਾ ਹੈ। ਜੋ ਬੁਧੀਵਾਨ ਹੈ ਉਹਭਾਵੇਂ ਕਿਤਨੇ ਕਸ਼ਟ ਤਕਲੀਫ ਹੋਵੇ ਧਰਮ ਦਾ ਤਿਆਗਨ ਨਹੀਂ ਕਰਦੇ ਸਗੋਂ ਸਿਰ ਦੇਕੇ ਧਰਮ ਦੀ ਰਖਿਆ ਕਰਦੇ ਨੇ ਔਰ ਧਰਮ ਨੂੰ ਹਿਰਦੇ ਵਿਚਧਾਰਦੇ ਨੇ।

**ਧਰਮਸਾਂਤਿਸੁਖਹੇਤੁਨਿਖਲ ਕਿਲਕਲਮਲਖੋਵਤ ॥ਤੀਨਦੇਵਕੇ ਦੇਸ ਧਰਮ ਕਰ ਪ੍ਰਾਪਤਿ ਹੋਵਤ॥**

ਧਹਮ ਜੋ ਸ਼ਾਂਤੀ ਦਾ ਭੰਡਾਰ ਹੈ ਔਰ ਸੁਖਾਂ ਦੇ ਦੇਣੇ ਵਾਲਾ ਤੇ ਸਭ ਪਾਪੋਂ ਕੇ ਨਾਸ ਕਰਨੇ ਵਾਲਾ ਹੈ ਜੋ ਪੁਰਸ਼ ਧਰਮ ਦੇ ਧਾਰਨ ਵਾਲਾ ਹੈ ਸੋ ਬ੍ਰਹਮਾ ਬਿਸ਼ਨ ਸ਼ਿਵਪੁਰੀ ਕੋ ਜਾਏ ਪਰਾਪਤ ਹੋਤਾ ਹੈ।

**ਦਸ ਅਸ੍ਰ ਨਰਕ ਕੁਸ੍ਰਨ ਵਿਖੇ ਧਰਮ ਬਿਮੁਖ ਨਰ ਨੀਤ ਗਮ॥ ਹੈ ਧਰਮ ਸਾਰ ਸੰਸਾਰ ਮੈਂ ਤਾਂਤੇ ਧਰਮ ਨਮਾਮਿ ਮਮ॥ ੭ ॥**

ਜੋ ਪੁਰਸ਼ ਧਰਮ ਤੋਂ ਰਹਿਤ ਹੈ ਅਠਾਰਾਂ ਨਰਕ ਔਰ ਕੁਸ਼ਟ ਤਿਸ ਕੋ ਹਮੇਸ਼ਾਂ ਭੋਗਨੇ ਪੜਤੇ ਹੈਂ । ਸੰਸਾਰ ਮੇਂ ਧਰਮ ਜੋ ਹੈ ਉੱਤਮ ਔਰ ਸਰੇਸ਼ਟ ਹੈ ਐਸੇ ਧਰਮ ਕੋ ਮੇਰੀ ਬਾਰ ਬਾਰ ਨਮਸ਼ਕਾਰ ਹੈ ।

**ਚੌਪਈ ॥ ਆਨ ਸੁਹਿਰਦ ਨ ਧਰਮ ਬਿਨਾਜਨ॥ ਸੰਤਜਨਾਂਕੋਸਹੀਧਰਮ ਧਨ॥ਧਰਮਧਰੋਂਮੈਂਨਿੱਤ ਚਿੱਤ ਅੰਤਰ॥ ਮੁਝੇ ਪਾਲ ਹੇ ਧਰਮ ਨਿਰੰਤਰ॥**

ਧਰਮ ਤੋਂ ਬਿਨਾਂ ਇਸ ਜੀਵ ਕਾ ਕੋਈ ਮਿਤਰ ਨਹੀਂ ਹੈ। ਸੰਤਾਂ ਮਹਾਂਪੁਰਸ਼ਾਂ ਦਾ ਧਰਮ ਹੀ ਧੰਨ ਹੈ। ਤਾਂਤੇ ਮੈਂ ਭੀ ਚਿਤ ਵਿਖੇ ਧਰਮਕੋ ਧਾਰਨ ਕਰਤਾ ਹੂੰ ਹੇ ਧਰਮ ਮੇਰੀ ਪਾਲਣਾ ਕਰ ਸਦਾ ਹੀ।

**ਦੋਹਰਾ॥ ਅਬ ਪ੍ਰਥਮੇ ਦਸ ਛੰਦ ਕਰ ਵਰਨੇ**

ਧਰਮ ਤੋਂ ਬਿਨਾਂ ਇਸ ਜੀਵ ਕਾ ਕੋਈ ਮਿਤਰ ਨਹੀਂ ਹੈ। ਸੰਤਾਂ ਮਹਾਂ ਪੁਰਸ਼ਾਂ ਦਾ ਧਰਮ ਹੀ ਧੰਨ ਹੈ। ਤਾਂਤੇ ਮੈਂ ਭੀ ਚਿਤ ਵਿਖੇ ਧਰਮਕੋ ਧਾਰਨ ਕਰਤਾ ਹੂੰ ਹੇ ਧਰਮ ਮੇਰੀ ਪਾਲਣਾ ਕਰ ਸਦਾ ਹੀ।

**ਦੋਹਰਾ॥ ਅਥ ਪ੍ਰਥਮੇ ਦਸ ਛੰਦ ਕਰ ਵਰਨੇ ਧਰਮ ਮਨਾਕ॥ ਧਰਮ ਸ੍ਵਰੂਪ ਨਮਿੱਤ ਬ੍ਰਿਧ ਇਸਥਿਤ ਨਸ੍ਰ ਵਿਪਾਕ॥੯॥**

ਪਹਿਲੇ ਪਹਿਲ ਦਸ ਛੰਦਾਂ ਵਿਖੇ ਥੋੜਾ ਸਾ ਧਰਮ ਕਥਨ ਕਰਦੇ ਹਾਂ ਉਤਪਤੀ ਧਰਮ ਕੀ ਕੈਸੇ ਹੋਤੀ ਹੈ ਔਰ ਵਧਦਾ ਕੈਸੇ ਹੈ ਔਰ ਨਾਸ ਕਿਸਤਰਾਂ ਹੋਤਾ ਹੈ।

**ਦੋਹਰਾ॥ ਖਿਮਾ ਅਹਿੰਸਾ ਦਯਾ ਮ੍ਰਿਦੁ ਸੱਤ ਬਚਨ ਤਪ ਦਾਨ॥ ਸੀਲ ਸੋਚ ਤ੍ਰਿਸਨਾ ਬਿਨਾਂ ਧਰਮ ਲਿੰਗ ਦਸ ਜਾਨ॥ ੧੦॥**

ਅਨਾਥਾਂ ਗਰੀਬਾਂ ਉਪਰ ਦਇਆ ਰਖਣੀ ਔਰ ਜੀਵ ਘਾਤ ਨਾ ਕਰਨਾ ਮਿਠਾ ਬੋਲਣਾ ਸਚ ਕਹਿਣਾ ਦਾਨ ਕਰਨਾ ਅਰ ਤਪ ਕਰਨਾ ਮਨ ਨੂੰ ਕੋਮਲ ਕਰਨਾ ਅਰ ਕੋਈ ਖੋਟਾ ਬਚਨ ਕਹੇ ਤੋਂ ਭੀ ਖਮਾਂ ਰਖਣੀ ਸੁਧ ਪਵਿਤ੍ਰ ਰਹਿਣਾ ਤ੍ਰਿਸ਼ਨਾਂ ਨੂੰ ਮਾਰ ਦੇਣਾ ਏਹ ਦਸ ਧਰਮ ਕੇ ਅੰਗ ਹਨ।

**ਚੋਪਈ॥ ਉਪਜੇ ਧਰਮ ਵਾਕ ਸਤ ਕਰਿ ਅਤਿ॥ ਦਯਾ ਦਾਨ ਕਰ ਧਰਮ ਵਧੈ ਨਿਤ॥ ਇਸਥਿਤ ਧਰਮ ਖਿਮਾ ਕੇ ਸੰਗਾ॥ ਧਰਮ ਕ੍ਰੋਧ ਕਰ ਹੋਤ ਵਿਭੰਗਾ॥ ੧੧॥**

**ਦੋਹਰਾ ॥ ਸੁਭ ਕੁਲ ਜਨਮ ਸਰੂਪ ਤਨ ਭੂਪ ਭੋਗ ਆਪਤ ॥ ਪੰਡਿਤ ਦੇਹ ਅਰੋਗ ਪੁਨ ਧਰਮ ਜਾਨ ਫਲ ਸੱਤ ॥ ੧੨ ॥**

ਧਰਮ ਦਾ ਫਲ ਏਹ ਹੈ ਕਿ ਹਛੀ ਕੁਲ ਵਿਖੇ ਜਨਮ ਪਰਾਪਤ ਹੋਣਾ ਸੁੰਦਰ ਸਰੂਪ ਦੀ ਪਰਾਪਤੀ ਹੋਣੀ ਧਨਵਾਨ ਗੁਣਵਾਨ ਇਸਤਰੀ ਪੁਤਰ ਆਗਿਆ ਕਾਰ ਹੋਣ ਹੁਕਮ ਕਰਨੇ ਦਰਬਾਰ ਵਿਚ ਇਜਤ ਸਨਮਾਨ ਹੋਣਾ ਦੇਹ ਅਰੋਗ ਰਹਿਣੀ ਚਾਰ ਫਲ ਹੈਨ।

**ਚੌਪਈ॥ ਧਰਮ ਪ੍ਰੀਤ ਨਿਤ ਬੇਦ ਬੀਚਾਰੇ॥ ਉਤਮ ਦਾਨ ਸੁਭਾਵ ਜੁ ਧਾਰੇ॥**

ਧਰਮ ਵਿਖੇ ਪ੍ਰੀਤ ਕਰੇ ਅਰ ਬੇਦਾਂ ਕਾ ਬਿਚਾਰ ਕਰੇ ਉਤਮ ਪੁਰਸ਼ਾਂ ਕੋ ਦਾਨ ਦੇਵਣਾ ਮਨ ਨੀਵਾਂ ਰਖਣਾ।

**ਇੰਦ੍ਰਹਿ ਅਰਬ ਵਿਰਾਗਹਿ ਮਨ ਜਿਹ ॥ ਜਿਹ ਪ੍ਰਾਪਤਿ ਸਫਲ ਜਨਮ ਤਿਹ॥ ੧੩॥**

ਇੰਦ੍ਰੀਆਂ ਨੂੰ ਵਸ ਵਿਚ ਰਖਣਾ ਦੁਨੀਆਵੀ ਰਸੋਂ ਸੇ ਉਦਾਸ ਰਹਿਣਾ ਮਨਨੂੰ ਵਿਰਾਗ ਪ੍ਰਭੂ ਦੇ ਵਿਚ ਰਖਣਾ ਤੇ ਉਹ ਪੁਰਸ਼ ਧੰਨ ਹਨ ਉਹਨਾਂ ਦਾ ਜਨਮ ਭੀ ਸਫਲ ਹੈ।

**ਦੋਹਰਾ॥ ਇੰਦ ਬਿਨਾ ਜਿਉਂ ਮੰਦ ਨਿਸਿ ਮੰਦ ਕੰਜ ਬਿਨ ਤਾਲ॥ ਜੀਵ ਮੰਦ ਤਿਉਂ ਧਰਮ ਬਿਨੁ ਤਾਂਤੇ ਧਰਮ ਨ ਟਾਲ॥ ੧੪॥**

ਚੰਦਰਮਾ ਤੋਂ ਬਿਨਾਂ ਰਾਤ ਕਾਲੀ ਹੈ ਚੰਗੀ ਨਹੀਂ ਲਗਦੀ ਜੈਸੇ ਤਲਾਵ ਕਵਲ ਫੁਲ ਤੋਂ ਬਿਨਾਂ ਚੰਗਾ ਨਹੀਂ ਹੈ ਇਸੀ ਪਰਕਾਰ ਧਰਮ ਬਿਨਾਂ ਜੀਵ ਹਛਾ ਨਹੀਂ ਹੈ ਤਾਂਤੇ ਹੇ ਪੁਰਸ਼ ਧਰਮ ਕੋ ਕਦੀ

ਭੀ ਨਾ ਤਿਆਗ ਔਰ ਹਮੇਸ਼ਾਂ ਸਾਥ ਰਖ।

**ਸਮ ਸੰਤੋਖ ਨ ਔਰ ਸੁਖ ਤਪ ਨ ਖਿਮਾ ਸਮ ਜਾਨ ॥ ਬ੍ਰਹਮ ਗਯਾਨ ਸਮ ਦਾਨ ਨਹਿ ਧਰਮ ਨ ਦਇਆ ਸਮਾਨ ॥ ੧੫ ॥**

ਸੰਤੋਖ ਕੇ ਸਮਾਨ ਹੋਰ ਕੋਈ ਸੁਖ ਨਹੀਂ ਖਿਮਾ ਦੇ ਸਮਾਨ ਕੋਈ ਤਪ ਨਹੀਂ ਬ੍ਰਹਮ ਗਿਆਨ ਸਮ ਕੋਈ ਦਾਨ ਨਹੀਂ ਦਇਆ ਵਰਗਾ ਹੋਰ ਕੋਈ ਧਰਮ ਨਹੀਂ ।

**ਚਾਰੋਂ ਫਲ ਮੈਂ ਏਕ ਭੀ ਉਪਜੈ ਰਿਦੈ ਨ ਜਾਸ॥ ਅਜਾ ਗਲੇ ਕੇ ਕੁਚਨ ਜਿਉਂ ਜਨਮ ਬਿਅਰਥ ਹੈ ਤਾਸ॥**

ਸੰਤੋਖ ਤਪ ਕਰਨਾ ਔਰ ਬ੍ਰਹਮ ਗਿਆਨ ਕਾ ਦਾਨ ਕਰਨਾ ਦਇਆ ਕਰਨੀ ਚੌਹਾਂ ਵਿਚੋਂ ਇਕ ਭੀ ਨਹੀਂ ਜੋ ਪੁਰਸ਼ ਕਰਦੇ ਓਹਨਾਂ ਦਾ ਸੰਸਾਰ ਵਿਚ ਆਵਣਾ ਨਿਸਫਲ ਹੈ ਜੈਸੇ ਬਕਰੀ ਕੇ ਗਲ਼ੇ ਥਨ ਹੋਤੇ ਹੈਨ ਓਹਨਾਂ ਵਿਚ ਦੁਧ ਨਹੀਂ ਹੈ ਉਹ ਬਿਅਰਥ ਹੈ ਐਸੇ ਜੀਵ ਕਾ ਆਵਣਾ ਬਿਅਰਥ ਹੈ।

**ਧਰਮ ਪਰਮ ਪਾਰਸ ਅਹੈ ਜੋ ਦਾਯਕ ਫਲ ਚਾਰ ॥ ਤਾਂਤੇ ਜਿਉਂ ਤਿਉਂ ਧਰਮ ਕੋ ਧਰੇ ਸੁ ਬੁਧਿ ਉਦਾਰ ॥ ੧੭ ॥**

ਧਰਮ ਜੋ ਹੈ ਏਹ ਬਡਾ ਅਨਮੁਲਾ ਪਾਰਸ ਹੈ ਚਾਰੋਂ ਫਲੋਂ ਕੇ ਦੇਣੇ ਵਾਲਾ ਹੈ ਸੰਤੋਖ ਤਪ ਖਿਮਾ ਦਯਾ ਇਹ ਮੁਕਤੀ ਕੇ ਸਾਧਨ ਹੈ ਤਾਂਤੇ ਉਦਾਰ ਬੁਧੀ ਵਾਲੇ ਭਲੇ ਪੁਰਸ਼ ਜਿਸ ਤਰਾਂ ਹੋ ਸਕੇ ਧਰਮ ਕੋ ਧਾਰਨ ਕਰਤੇ ਹੈਨ ।

**ਕਬਿਤ॥ ਨਾਗ ਸੋਭੈ ਮਦ ਕਰ ਨੀਰ ਸੋਭੈ ਇੰਦੀ**

Sri Satguru Jagjit Singh Ji Elibrary NamdhariElibrary@gmail.com

**ਵਰ ਰੈਨ ਸੋਭੈ ਹਿਮ ਕਰ ਨਾਰੀ ਸੀਲ ਰਤਿ ਤੇ॥**

ਨਾਗ ਸੋਭਾ ਪਾਂਵਦਾ ਹੈ ਮਨੀ ਕਰਕੇ ਜਲ ਉਹ ਸੋਭਾ ਪਾਂਵਦਾ ਹੈ ਜਿਸਮੇ ਕਵਲ ਫੂਲ ਹੋਤੇ ਹੈਂ । ਰਾਤਰੀ ਉਹ ਸੁੰਦਰ ਲਗਦੀ ਹੈ ਜਿਸ ਮੇਂ ਚੰਦਰਮਾ ਹੋਵੇ ਇਸਤ੍ਰੀ ਉਹ ਸੋਭਾ ਪਾਂਵਦੀ ਹੈ ਜੇਹੜੀ ਸੀਲਵਾਲ ਔਰ ਪਤਿਬਰਤ ਧਾਰਨ ਵਾਲੀ ਹੋਵੇ।

**ਸੋਭਤ ਤੁਰੰਗ ਜਵ ਧਾਮ ਸੋਭੈ ਉਤਸਵ ਸੋਭੈ ਵਜਾ ਕਰਨ ਰਵਿ ਨਦੀ ਹੰਸ ਗਤਿ ਤੇ॥**

ਘੋੜਾ ਓਹ ਹਛਾ ਸੋਭਾ ਪਾਂਵਦਾ ਹੈ ਜਿਸਦੀ ਚਾਲ ਹੋਵੇ । ਘਰ ਓਹ ਸੋਭਾ ਪਾਂਵਦਾ ਹੈ ਜਿਸ ਘਰ ਵਿਚ ਪੁਤਰ ਹੋਵੇ, ਮੰਗਲਾ ਚਾਰ ਹੁੰਦਾ ਹੋਵੇ। ਬਾਣੀ ਤਾਂ ਸੋਭਾ ਪਾਂਵਦੀ ਹੈ ਜੇ ਵਿਆਕਰਣ ਜਾਣਦਾ ਹੋਵੇ। ਨਦੀ ਉਹ ਸੋਭਾ ਪਾਂਵਦੀਹੈ ਜਿਸਦੇ ਕੰਢੇ ਹੰਸ ਤੁਰਦੇ ਹੋਣ ਅਥਵਾ ਨਦੀ ਹੀ ਹੰਸਾਂ ਦੀ ਤਰਾਂ ਆਹਿਸਤਾ ਵਗਦੀ ਹੋਵੇ।

**ਸਭਾ ਸੋਭੈ ਵਿਦਯਾਵਾਨ ਕੁਲ ਸੋਭੈ ਸੁਭ ਸੰਤਾਨ ਪਾਨ ਸੋਭੈ ਕਰੈ ਦਾਨਖਿਤਖਿਤਪਤਿ ਤੇ॥**

ਸਭਾ ਵਿਚ ਵਿਦਵਾਨ ਸੋਭਾ ਪਾਂਵਦੇਹੈਂ ਕੁਲ ਉਹ ਸੋਭਾ ਪਾਂਵਦੀ ਹੈ ਜਿਸਵਿਖੇ ਸੁਭ ਗੁਣਾਂਵਾਲੀ ਉਲਾਦ ਹੋਵੇਹਥ ਉਹ ਸੋਭਾ ਪਾਂਵਦਾਹੈ ਜਿਨ੍ਹਾਂ ਹਥਾਂ ਕਰਕੇ ਗਰੀਬਾਂਨੂੰ ਦਾਨ ਦੀਆ ਜਾਵੇ ਪ੍ਰਿਥਵੀਓਹ ਸੋਭਾ ਦਾਇਕ ਹੁੰਦੀ ਹੈ ਜਿਸਤੇ ਦਯਾਵਾਨ ਰਾਜਾ ਰਾਜ ਕਰਦਾ ਹੋਵੇ।

**ਮੂੜ ਸੋਭੈ ਕਰੈ ਮੌਨ ਸਿਖੀ ਸੋਭੈ ਪਰੈ ਹੌਨ ਸੋਭੈ ਅਤਿਸੈ ਤ੍ਰਿਭੌਨ ਧਰਮੀ ਸੁਮਤਿ ਤੇ॥ ੧੯॥**

ਮੂਰਖ ਜੋ ਹੈ ਤਦ ਹੀ ਸੋਭਾ ਪਾਂਵਦਾ ਹੈ ਜੇ ਚੁਪ ਕਰ ਰਹੇ ਅਗਨੀ ਉਹ ਸੋਭਾ ਪਾਂਵਦੀ ਹੈ ਜਿਸਦੇ ਵਿਚ ਹਵਨ ਹੁੰਦਾ ਹੋਵੇ ਜੋ ਧਰਮ ਵਾਲੇ ਪੁਰਸ਼ ਹਨ ਉਹਨਾਂ ਦੇ ਹੋਣ ਕਰਕੇ ਤੀਨ ਲੋਕ ਸੋਭਾ

ਪਾਂਵਦੇ ਅਥਵਾ ਸ੍ਰੇਸ਼ਟ ਹੈਂ।

**ਦੋਹਰਾ॥ ਸੁਖੀ ਦੁਖੀ ਨਰ ਜਗਤ ਮੈ ਧਰਮ ਕਰੇ ਜੋ ਕੋਇ॥ ਸੁਖੀ ਕਰੈ ਤਬ ਸੁਖ ਬਢੈ ਦੁਖੀ ਕਰੈ ਦੁਖ ਖੋਇ॥ ੧੯ ॥**

ਸੁਖੀ ਹੋਵੇ ਭਾਵੇਂ ਦੁਖੀ ਹੋਵੇ ਪੁਰਸ਼ ਧਰਮ ਨੂੰ ਜ਼ਰੂਰ ਧਾਰਨ ਕਰੇ। ਕਿਉਂਕਿ ਸੁਖੀਆ ਧਾਰਨ ਕਰੇਗਾ ਤਾਂ ਓਹਦਾ ਸੁਖ ਵਧੇਗਾ ਤੇ ਦੁਖ ਵਾਲੇ ਦਾ ਦੁਖ ਦੂਰ ਹੋਵੇਗਾ।

**ਸਤ ਦੋਹੇ ਦੋ ਚੌਪਈ ਉਤਮ ਏਕ ਕਬਿਤ॥ ਦਸੇ ਛੰਦ ਆਨੰਦਮਯ ਬਸੇ ਜਿਸੈ ਨਿਤ ਚਿਤ॥੨੦॥**

ਇਸ ਪਹਿਲੇ ਧਿਆਇ ਦੇ ਵਿਚ ਹਰਦਿਆਲ ਕਵੀ ਜੀਨੇ ਸਤ ਦੋਹੇ ਤੇ ਦੋ ਚੌਪਈਆਂ ਤੇ ਇਕ ਕਬਿਤ ਕਿਹਾ ਹੈ।ਅਰਥਾਤ ਦਸ ਛੰਦ ਹਨ ਜੋ ਕੋਈ ਇਹਨਾਂ ਨੂੰ ਧਾਰਨ ਕਰੇਗਾ ਉਸ ਕੋ ਸਦਾ ਹੀ ਸੁਖ ਪ੍ਰਾਪਤ ਹੋਵੇਗਾ।

**ਇਤਿ ਸ੍ਰੀ ਸਾਰੁਕਤਾਵਲੀ ਤਾਸ ਪ੍ਰਥਮ ਅਧਯਾਇ॥ ਧਰਮ ਨਿਰੂਪਯੋ ਤਾਸ ਮੈਂ ਕਵਿ ਹਰਿਦਯਾਲ ਸੁਭਾਇ॥**

ਉਤਮ ਜੁਗਤੀਓਂ ਕੀ ਪੰਗਤੀ ਕੇ ਪਹਿਲੇ ਅਧਯਾਇ ਵਿਖੇ ਹਰਦਿਆਲ ਕਵੀ ਜੀ ਨੇ ਧਰਮ ਕਾ ਕਥਨ ਕੀਤਾ ਹੈ।

## ਅਬ ਦੂਸਰਾ ਅਧਿਆਇ

**ਦੋਹਰਾ॥ ਗੁਰ ਕੀ ਕੀਰਤਿ ਦੂਸਰੇ ਸਾਤ ਸ਼ਲੋਕ ਉਚਾਰ॥ ਜਾਕੇ ਸੁਨੇ ਅਧੈਨ ਤੇ ਹੋਇ**

Sri Satguru Jagjit Singh Ji Elibrary NamdhariElibrary@gmail.com

## ਤ੍ਰਿਤਾਪ ਪ੍ਰਹਾਰ॥

ਹਰਦਿਆਲ ਕਵੀ ਜੀ ਕਥਨ ਕਰਦੇ ਹੈਂ ਦੂਸਰੇ ਧਿਆਏ ਵਿਖੇ ਗੁਰਾਂ ਕੀ ਉਸਤਤ ਦੇ ਸਤ ਸਲੋਕ ਉਚਾਰਾਂਗੇ ਜਿਸਕੇ ਸੁਣਨ ਅਰ ਪੜਨੇ ਕਰਕੇ ਤਿੰਨ ਤਾਪ ਅਧਿਆਤਮ ਅਦਭੁਤ ਅਧ ਵੈਵ ਨਾਸ ਅਥਵਾ ਦੂਰ ਹੋਤੇ ਹੈਂ।

**ਦਰਬ ਖਰਚ ਸਤਪਾਤ੍ਰ ਮੈਂ ਜਨਮ ਜਾਇ ਗੁਰ ਸੇਵ॥ ਹਰਿ ਸਿਮਰਨ ਮਹਿ ਚਿਤ ਜਿਹ ਵਹੁ ਪੰਡਿਤ ਸ੍ਰਤਿ ਭੇਵ॥**

ਜੋ ਧਨ ਖਰਚ ਕਰਦਾ ਤੇ ਦਾਨ ਗਰੀਬ ਲੋੜਵੰਦਾਂਨੂੰ ਦੇਂਦਾ ਹੈ ਔਰ ਹਥਾਂ ਕਰਕੇ ਸਾਰੀ ਆਯੂ ਗੁਰਾਂ ਦੀ ਸੇਵਾ ਪਰੇਮ ਨਾਲ ਕਰਦਾ ਰਿਹਾ ਹੈ ਹਰਵਕਤ ਭਗਤ ਵਛਲ ਦਾ ਸਿਮਰਨ ਕਰੇ ਓਹੀ ਪੰਡਤ ਹੈ ਤੇ ਓਹੀ ਬੇਦਕੇ ਜਾਨਣੇ ਵਾਲਾ ਹੈ।

**ਚੌਪਈ॥ ਪੂਛੇ ਗੁਰੁ ਤੇ ਸੁਭ ਸਿਖ ਤਦਪਿ॥ ਗਯਾਨ ਵਾਨ ਹੋਵੈ ਨਿਜ ਜੱਦਪਿ॥ ਗੁਰੁ ਨਿਸਚਯ ਯੁਤ ਬਚਨ ਧਰੇ ਜਬ॥ ਦੇਹ ਸਿਖ ਕੋ ਪਰਮ ਸਾਂਤਿ ਤਬ॥ ੨॥**

ਭਾਵੇਂ ਸਿਖ ਆਪ ਸਰਬ ਗੁਣ ਭਰਪੂਰ ਗਿਆਨਵਾਨ ਹੋਵੇ ਤਉ ਭੀ ਪਰੇਮ ਨਾਲ ਗੁਰਾਂ ਤੋਂ ਪੂਛਨਾ ਕਰੇ ਜੋ ਗੁਰੂ ਆਪਨੇ ਮੁਖਾਰ ਤੋਂ ਉਚਾਰਨ ਕਰੇ ਸਟੇਸਟ ਸਿਖ ਗੁਰਾਂ ਕੇ ਬਚਨ ਧਾਰਨ ਕਰੇ ਜਬ ਗੁਰੂ ਸਿਖ ਪਰ ਦਿਆਲ ਹੋਤੇ ਹੈਂ ਤਬ ਸ਼ਾਂਤੀ ਪਰਦਾਨ ਕਰਤੇ ਹੈਂ।

**ਤੋਟਕ ਛੰਦ॥ ਗੁਰ ਕੀਰਤਿ ਕੋ ਅਪਰੋਖ ਕਰੇ॥ ਜਸ ਬਾਂਧਵ ਮੀਤਨ ਪ੍ਰੋਖ ਰਰੋ॥ਭ੍ਰਿਤਿ ਦਾਸ ਜਸੈ**

**ਕਰਮਾਂਤਗਹੈ॥ਅਬਲਾਸੁਤਊਪਕਬੀਨ ਕਹੈ॥੩॥**

ਆਪਨੇ ਗੁਰੂ ਕੀ ਉਸਤਤੀ ਗੁਰੂ ਕੇ ਸਨਮੁਖ ਹੋਇ ਕ਼ਰੇ ਮਿਤਰ ਬ਼ਾਂਧਵ ਸਨੇਹੀ ਕੀ ਉਪਮਾਂ ਪਿਛੋਂ ਕਰੇ । ਨੌਕਰ ਔਰ ਟਹਿਲੂਏ ਕੀ ਉਸ ਵੇਲੇ ਉਸਤਤ ਕਰੇ ਜਿਸਵੇਲੇ ਕੰਮ ਕਰ ਚੁਕੇ। ਇਸਤ੍ਰੀ ਔਰ ਪੁਤਰ ਦੀ ਕਦੀ ਭੀ ਉਪਮਾ ਨਾ ਕਰੇ।

**ਦੋਹਰਾ॥ ਤਜ ਗੁਰੁ ਮੰਤ੍ਰ ਦਰਿਦ੍ਰ ਹ੍ਵੈ ਗੁਰਹਿ ਅਵਗਯਾ ਘਾਤ॥ ਤ੍ਰਿਆਗ ਦੇਤ ਗੁਰੁ ਮੰਤ੍ਰ ਜੋ ਸਿਧ ਭੀ ਨਰਕੇ ਜਾਤ॥ ੪ ॥**

ਜੋ ਗੁਰ ਮੰਤਰ ਦੀਆ ਹੂਆ ਤਿਆਗ ਦੇਵੇ ਉਹ ਪੁਰਸ਼ ਦਲਿੱਦਰੀ ਹੋਤਾ ਹੈ । ਜੋ ਗੁਰਾਂ ਦੀ ਅਵਗਿਆ ਕਰਤਾ ਹੈ ਉਹ ਭਾਵੇਂ ਕਿੱਡਾ ਹੀ ਸਿਧ ਕਿਉਂ ਨਾ ਹੋਵੇ ਤਾਂ ਭੀ ਨਰਕਾਂ ਦਾ ਅਧਿਕਾਰੀ ਹੁੰਦਾ ਹੈ।

**ਤੋਟਕ ਛੰਦ॥ ਗੁਰ ਕੇ ਧਨ ਕੋ ਜਨ ਜੇ ਹਰ ਹੈਂ॥ ਹਤ ਤੇਜ ਵਿਭੂਤ ਦੁਖੀ ਮਰ ਹੈਂ॥**

ਗੁਰਾਂ ਦੀ ਪੂਜਾ ਧਾਨ ਅਥਵਾ ਧਨ ਜੋ ਕੋਈ ਪੁਰਸ਼ ਚੁਰਾਉਂਦਾ ਹੈ ਉਸਦਾ ਤੇਜ ਪੁੰਨ ਪਰਤਾਪ ਸਭ ਨਸ਼ਟ ਹੋ ਜਾਂਦਾ ਹੈ ਤੇ ਦੁਖੀ ਹੋਕੇ ਮਰਦਾ ਹੈ।

**ਧਰਮਾਦਿ ਟਰੈ ਨਰਕੇ ਸੁ ਪਰੇ ॥ ਉਪਜੇ ਪੁਨ ਤੇ ਸ੍ਵਪਚਾਦਿ ਘਰੇ ॥ ੫ ॥**

ਜੋ ਪੁਰਸ਼ ਧਰਮ ਆਦਿ ਨਹੀਂ ਕਰਤਾ ਹੈ ਉਹ ਨਰਕ ਵਿਚ ਪੈਂਦਾ ਹੈ। ਉਹ ਪੁਰਸ਼ ਮਰਕੇ ਫਿਰ ਚੰਡਾਲ ਘਰ ਪੈਦਾ ਹੁੰਦਾ ਹੈ।

**ਦੋਹਰਾ॥ ਮੁਗਧ ਨਿਪ੍ਰੰਸਕ ਵਿਕਲ ਮਨ**

**ਬਿਨ ਬਿਬੇਕ ਦੁਰਭਾਗ॥ ਨੀਚ ਕਰਮ ਨੀਚਹਿ ਕਰੇ ਗੁਰੁ ਨਿੰਦਾ ਮਹਿ ਰਾਗ॥ ੬ ॥**

ਅਤੀ ਮੂਰਖ ਹੋਵੇ ਖੁਸਰਾ ਹੋਵੇ ਮਨ ਜਿਸਦਾ ਦੁਖੀ ਹੋਵੇ ਗਿਆਨ ਤੋਂ ਬਿਨਾਂ ਹੋਵੇ ਖੋਟੇ ਭਾਗਾਂ ਵਾਲਾਨੀਚ ਪੁਰਖ ਹਮੇਸ਼ ਨੀਚ ਕਰਮ ਕਰਨੇਵਾਲਾ ਅਤੇ ਗੁਰਨਿੰਦਯਾ ਕਰਨੇ ਵਿਚ ਪਰੇਮ ਰਖਦਾਹੈ।

**ਚੌਪਈ॥ ਗਯਾਨ ਸਲਾਕਾ ਦੈ ਬੁਧਿ ਲੋਚਨ॥ ਕਰਹੈ ਤਮ ਅਗਯਾਨ ਵਿਮੋਚਨ॥ ਨਿਰਾਵਰਣ ਦ੍ਰਿਗ ਕਰੈ ਜੁ ਸ੍ਰੀ ਗੁਰੁ॥ ਨਮੋਨਮੋ ਤਿਹ ਚਰਨ ਧਾਰ ਉਰ॥ ੭॥**

ਐਸੇ ਗਿਆਨੀ ਪੁਰਸ਼ ਅੰਧੇ ਕਉ ਬੁਧੀ ਰੂਪ ਨੇਤਰਾਂ ਵਿਖੇ ਗੁਰੂ ਗਿਆਨ ਰੂਪੀ ਸਲਾਈਆਂ ਦੇਂਦੇ ਹਨ। ਅਗਿਆਨ ਰੂਪੀ ਅੰਧੇਰੇ ਕਉ ਦੂਰ ਕਰ ਲੇਤੇ ਹੈਂ। ਸਤਿਗੁਰੂ ਗਿਆਨ ਦੀ ਸਿਲਾਈ ਦੇਕਰ ਨੇਤਰਾਂ ਨੂੰ ਸੁਧ ਤੇ ਨਿਰਾਲਾ ਕਰ ਦੇਂਦੇ ਹਨ ਐਸੇ ਗੁਰੂ ਜੀਨੂੰ ਕਵੀ ਜੀ ਕਹਿੰਦੇ ਹਨ ਕਿ ਸਾਡੀ ਬਾਰ ਬਾਰ ਨਿਮਸ਼ਕਾਰ ਹੈ।

**ਦੋਹਰਾ॥ਤ੍ਰੈ ਦੋਹੇ ਤੋਟਕ ਉਭੇ ਦੋ ਚੌਪਈ ਨਿਹਾਰ॥ ਮੁਨਿਸਲੋਕ ਮਨ ਸੋਕਕੋ ਕਾਟੈਂ ਕਰੈਂ ਨਵਾਰ॥੮॥**

ਏਸ ਧਿਆਇ ਵਿਚ ਤ੍ਰੈ ਦੋਹੇ ਦੋ ਤੋਟਕੇ ਦੋ ਚੌਪਈ ਹੈ ਸਤ ਸਲੋਕ ਹਨ ਜੇਹੜਾ ਪਰੇਮ ਨਾਲ ਪੜੇਗਾ ਓਹਦੇ ਮਨ ਦੇ ਸੋਕ ਦੂਰਹੋਣਗੇ।

**ਇਤਿ ਸ੍ਰੀ ਸਾਰੁਕਤਾਵਲੀ ਤਾਸ ਦੁਤੀ ਅਧਯਾਇ॥ ਗੁਰ ਉਪਮਾ ਤਾ ਮੈਂ ਕਹੀ ਕਵਿ ਹਰਿਦਯਾਲ ਸੁਭਾਇ॥**

Sri Satguru Jagjit Singh Ji Elibrary NamdhariElibrary@gmail.com

ਉਤਮ ਪੰਗਤੀਆਂ ਵਾਲੀ ਦਾ ਦੂਤੀਆ ਧਿਆਏ ਹੈ ਇਸ ਵਿਚ ਗੁਰਾਂ ਦੀ ਉਪਮਾ ਕਵੀ ਹਰਦਿਆਲ ਨੇ ਸੁਭਾਵਕ ਹੀ ਕਹੀਹੈ।

## ਅਥ ਤੀਸਰਾ ਅਧਿਆਇ

**ਦੋਹਰਾ ॥ ਵਿਦਯਾ ਵਰਨੇ ਤੀਸਰੇ ਛੰਦ ਅਠਾਈ ਮਾਨ ॥ ਵਿਦਯਾ ਪਾਤ੍ਰ ਅਪਾਤ੍ਰ ਪੁਨ ਬ੍ਰਿਧਾ ਬ੍ਰਿਧ ਨਿਵਾਨ ॥ ੧ ॥**

ਤੀਸਰੇ ਧਿਆਇ ਵਿਚ ਵਿਦਿਆ ਭੀ ਉਪਮਾਂ ਕਰਾਂਗੇ ਅਤੇ ਅਠਾਈ ਏਸਦੇ ਛੰਦ ਹੋਣਗੇ। ਨਾਲ ਏਹ ਭੀ ਦਸਾਂਗੇ ਕਿ ਪੜਨੇ ਦੇ ਅਧਿਕਾਰੀ ਕੌਣ ਹਨ ਜਾਂ ਕੌਣ ਨਹੀਂ ਬਿਦਿਆ ਵਧਦੀ ਘਟਦੀ ਕਿਸਤਰਾਂ ਹੈ ਇਹ ਸਭ ਉਪਾਇ ਦਸਾਂਗੇ।

**ਸਵੈਯਾ ॥ਇਹ ਵੇਦ ਕੋ ਗਯਾਨ ਸੁ ਜਾਨਨ ਕੋ ਅਭਿਮਾਨ ਮਦਾਦਿ ਵਿਕਾਰ ਬਿਨਾਸੇ॥ਪੁਨਿ ਕੇਚਿਤ ਨੀਚਨ ਕੋ ਵਹੁ ਬੋਧ ਮਦੈ ਅਭਿਮਾਨ ਵਿਕਾਰ ਨਿਵਾਸੇ ॥**

ਏਹ ਜੋ ਵੇਦ ਵਿਦਿਆ ਹੈ ਉਤਮ ਬੁਧੀ ਵਾਲੇਕੋ ਪੜਨੇ ਜੋਗ ਹੈ ਕਿਉਂਕਿ ਬੁਧੀਵਾਨ ਪੜੇਗਾਓਸਦਾ ਜਿਤਨਾਅਭਿਮਾਨ ਆਦਿਕ ਵਿਕਾਰ ਹੈ ਸਭ ਦੂਰ ਹੋਜਾਵੇਗਾ।ਜੇ ਕੋਈਨੀਚ ਬੁਧੀਵਾਲਾਵਿਦਿਆ ਪੜੇਗਾ ਤੋ ਉਸ ਮੇਂ ਹੰਕਾਰ ਆਦਿਕ ਆਇ ਨਿਵਾਸ ਕਰਨਗੇ।

**ਅਰ ਅੰਮ੍ਰਿਤੁ ਜਾਸ ਹਲਾਹਲ ਹ੍ਵੈ ਨਹਔਖਧ ਵੈਦਨਹੀਂ ਕਛੁਤਾਸੇ॥ਜਨ ਪਾਤ੍ਰ ਕੁਪਾਤਰ ਕੋ ਸੋਧ ਕੈ ਬੋਧ ਕਰੇ ਬੁਧਿਵਾਨ ਸੁ ਬੋਧ ਪ੍ਰਕਾਸੇ ॥ ੧ ॥**

Sri Satguru Jagjit Singh Ji Elibrary NamdhariElibrary@gmail.com

ਜਿਸਤਰਾਂ ਕੋਈ ਅਮ੍ਰਿਤ ਪੀ ਉਸ ਕੋ ਜਹਿਰ ਦਾ ਅਸਰ ਕਰੇ ਓਸਦਾ ਕਿਆ ਦਾਰੂ ਹੋ ਸਕਦਾ ਹੈ।

ਨਾ ਉਹਦੇ ਵਾਸਤੇ ਕੋਈ ਦਾਰੂ ਹੀ ਹੈ ਨਾ ਉਹਦੇ ਵਾਸਤੇ ਵੈਦ ਹੈ ਏਸ ਵਾਸਤੇ ਕਵੀ ਜੀ ਕਹਿੰਦੇ ਹਨ ਕਿ ਬੋਧ ਵਿਦਿਆ ਦਾ ਗਿਆਨ ਉਹਨੂੰ ਦੇਣਾ ਚਾਹੀਏ ਜੇਹੜਾ ਓਸਦਾ ਅਧਿਕਾਰੀ ਹੋਵੇ । ਦੂਸਰੇ ਮੂਰਖ ਕੋ ਕਦੀ ਨਾ ਦੇਵੇ।

**ਸੋਰਠਾ॥ਮੈਥਨਸੈਨਅਹਾਰਪਾਠਸਮੈ ਤੀਨੋਂ ਤਜੈ। ਪਾਠਸਹਿਤਪੁਨਚਾਰਤਜੈਸਾਂਝਮੈਧੀਰਜਨ॥੨॥**

ਇਸਤ੍ਰੀ ਸਾਥ ਭੋਗਤੇ ਸੌਣਾ ਖਾਣਾ ਏਹ ਤਿੰਨੇ ਸੰਥਾ ਦੇ ਵਕਤ ਤਿਆਗ ਦੇਵੇ। ਪੁਨਾ ਜਿਸ ਸਮੇਂ ਸੰਧਿਆ ਹੋਵੇ ਉਸ ਵਕਤ ਏਹ ਚਾਰੇ ਚੀਜਾਂ ਦਾ ਤਿਆਗ ਕਰੇ ੧ ਪਾਠ੨ ਸੌਣਾ੨ਖਾਣਾ੪ਭੋਗ।

**ਦੋਹਰਾ ॥ ਦੁਖੀ ਵ੍ਯਾਧੀ ਆਲਸੀ ਕੁਮਤਿ ਰਸਕ ਬਹੁ ਸੋਇ॥ ਤਿਹ ਅਧਿਕਾਰਨ ਸਾਸਤ੍ਰਕੋ ਖਟ ਦੋਖੀ ਜਨ ਜੋਇ ॥ ੩ ॥**

ਜਿਸ ਮੇਂ ਛੇ ਔਗਣ ਹੋਣ ਉਸਨੂੰ ਵਿਦਿਆ ਨਾ ਪੜ੍ਹਾਵੇ ਦੁਖੀਆ ੧ ਸੁਖੀਆ ੨ ਆਲਸੀ ੩ ਖੋਟੀ ਬੁਧੀਵਾਲਾ ੪ ਜਿਸਨੂੰ ਜਬਾਨ ਦਾ ਰਸ ਹੋਵੇ ੫ ਬਹੁਤਾ ਸੌਣੇ ਵਾਲਾ ੬ ਇਹਨਾਂਨੂੰ ਸ਼ਾਸਤ੍ਰ ਪੜ੍ਹਨ ਦਾ ਅਧਿਕਾਰ ਨਹੀਂ।

**ਸੰਕਰ ਛੰਦ॥ ਕਛੁ ਘ੍ਰਿਤ ਸਨੇਹ ਨ ਲਵਣ ਤੰਦੁਲ ਤਕ੍ਰ ਧਾਮ ਨ ਦਾਮ॥ ਯਾ ਸੰਚਰੀ ਜਿਹ ਚਿਤ ਚਿੰਤਾ ਧਾਮ ਕੀ ਦੁਖ ਧਾਮ॥**

ਜਿਸ ਪੁਰਸ਼ ਕੋ ਹਰ ਵਕਤ ਚਿੰਤਾ ਰਹੇ ਓਸਦੀ ਬੁਧੀ

ਭ੍ਰਸ਼ਟ ਹੋ ਜਾਂਦੀ ਹੈ ਗ੍ਰਿਹਸਤੀ ਕੋ ਘਿਉ ਤੇਲ ਲੂਣ ਚਾਵਲ ਬਾਲਣ ਇਸਤਰਾਂ ਚਿੰਤਾ ਜੋ ਘਰ ਦੀ ਹੈ ਬੜੀ ਦੁਖ ਰੂਪ ਓਹਦੀ ਜੋ ਬੁਧੀ ਹੈ ਗਮ ਔਰ ਫਿਕਰ ਕਰਕੇ ਨਾਸ ਹੋ ਜਾਂਦੀ ਹੈ ਕਿਉਂਕਿ ਉਸਦੀ ਪ੍ਰੀਤੀਤੇ ਇਸਤ੍ਰੀ ਵਿਚ ਹੁੰਦੀਹੈ ਓਸਨੂੰ ਸ਼ਾਸਤ੍ਰ ਪੜਨ ਦਾ ਅਧਿਕਾਰ ਨਹੀਂ ਹੈ। **ਭਈ ਨਾਸ ਪ੍ਰਾਕਾਗਾਮ ਕੀ ਬੁਧਿਮੂੜ੍ਹ ਮੋਹਿਓ ਬਾਮ॥ ਅਧਿਕਾਰ ਨਹਿ ਤਹਿ ਸਾਸ-ਤਰ ਕੋ ਸੋ ਭਜੇ ਨਿਤ ਸ੍ਰੀ ਰਾਮ॥੪॥**

ਉਸਦੀ ਬੁਧ ਨਸ਼ਟ ਹੋਗਈ ਹੈ ਪੁਤਰ ਇਸਤ੍ਰੀਆਂ ਵਿਚ ਮੋਹਿਆ ਗਿਆ ਹੈ ਓਸ ਪੁਰਸ਼ ਨੂੰ ਸ਼ਾਸਤ੍ਰ ਦਾ ਅਧਿਕਾਰ ਨਹੀਂ ਏਸ ਲਈ ਓਹ ਰਾਮ ਦਾ ਹੀ ਭਜਨ ਕਰੇ।

**ਸੋਰਠਾ॥ ਜਿਹ ਨਿਜ ਮਤਿ ਕਛੁ ਨਾਹਿ ਸਾਸ ਤਰ ਤਹਿ ਕੋ ਕਯਾ ਕਰੈ॥ ਲੋਚਨ ਬਿਨ ਜੋ ਆਹਿ ਪ੍ਰਤਿ ਬਿੰਬੀ ਕਯਾ ਕਰੈ ਤਿਹ॥ ੫॥**

ਜਿਸ ਆਦਮੀ ਦੀ ਆਪਣੀ ਬੁਧੀ ਹੀ ਮਾੜੀਹੈ ਓਸਨੇ ਸ਼ਾਸਤ੍ਰ ਕਿਆ ਪੜਨਾਹੈ ਕਿਉਂਕਿ ਅੰਧੇ ਆਦਮੀਨੂੰ ਸ਼ੀਸ਼ਾ ਦੇਖਣੇ ਸੇਕਿਆਹੋਵੇ ਹੈ।

**ਦੋਹਰਾ॥ ਬੀਚ ਅਸ੍ਰਮੀ ਮੀਚ ਗੁਰ ਅਸਟ ਖਸਟ ਮੇਂ ਸਿਖ॥ ਪੰਚ ਦਸੀ ਗੁਰ ਸਿਖ ਮਰੈ ਏਕਮ ਪਾਠ ਅਸਿਖ॥**

ਇਹਨਾਂ ਥਿਤਾਂ ਵਿਚ ਸ਼ਾਸਤ੍ਰ ਨਾ ਪੜੇ ਕਿਉਂਕਿ ਜੇ ਅਸ਼ਟਮੀ ਨੂੰ ਪੜੇ ਤਾਂ ਆਪਣੇ ਗੁਰੂ ਦੀ ਮੌਤ ਹੋਤੀ ਹੈ ਜੇ ਚੌਦਸਕੋ ਪੜੇ ਤੋਸਿਖ ਮਰ ਜਾਂਦਾ ਹੈ ਜੇ ਕਿਤੇ ਮਸਿਆ ਨੂੰ ਪੜੇ ਤੇ ਗੁਰ ਸਿਖ ਕੀ ਮੌਤ ਹੋਤੀ ਹੈ। ਏਕਮ ਕੋ ਪੜੇ ਤੇ ਭੁਲ ਜਾਂਦੀ ਹੈਸੰਥਾ ਯਾਦ ਨਹੀਂ ਹੋਤੀ।

**ਗੁਰ ਪੁਸਤਕ ਭੂਮੀ ਸੁਭਗ ਪ੍ਰੀਤਮ ਅਵਰ ਸਹਾਇ॥ ਕਰਹਿ ਬ੍ਰਿਧ ਬਿਦਿਆ ਪਠੀ ਬਹੁਰ ਪਾਂਚ ਗੁਨ ਗਾਇ॥ ੭ ॥**

ਵਿਦਿਆ ਕਿਸਤਰਾਂ ਹਛੀ ਆਂਵਦੀ ਹੈ।ਏਕ ਤੋ ਗੁਰੂਵਿਦਿਆਪੜ੍ਹਾਨ ਵਾਲਾ ਉਤਮ ਗੁਣੋਂ ਵਾਲਾ ਹੋਵੇ ਦੂਸਰਾ ਪੁਸਤਕ ਆਪਣਾ ਹੋਵੇ ਤੀਸਰਾ ਜਿਸਧਰਤੀ ਵਿਚਪੜ੍ਹੇ ਉਹ ਉਤਮ ਹੋਵੇ ਮਿਤਰਧਨ ਆਦਿਕ ਸਹੈਤਾ ਦੇਣੇ ਵਾਲੇ ਹੋਣ ਤੋ ਫਿਰ ਵਿਦਿਆ ਵਧਦੀ ਹੈ ਏਹ ਗੁਣ ਪਾਂਚ ਹਨ। **ਸਾਸਤਰ ਪ੍ਰੀਤ ਸੁਧਿ ਬੁਧਿ ਭਗਤ ਉਦਮ ਰੋਗ ਨ ਦੇਹ॥ ਕਰਹਿ ਬ੍ਰਿਧ ਬਿਦਯਾ ਪਠੀ ਪਾਂਚਾਂਤਰ ਗੁਨ ਏਹ॥ ੮॥**

ਸ਼ਾਸਤ੍ਰ ਵਿਚ ਪ੍ਰੀਤ ਹੋਵੇ ਤੇ ਬੁਧ ਨਿਰਮਲ ਚੇਤੰਨ ਹੋਵੇ ਹਿਰਦੇ ਵਿਚ ਸ਼ਾਂਤੀ ਔਰ ਪਰੇਮਾ ਭਗਤੀ ਹੋਵੇ ਆਲਸੀ ਨਾਂ ਹੋਵੇ ਉਤਮੀ ਹੋਵੇ ਦੇਹ ਮੇਂ ਕੋਈ ਰੋਗ ਨਾਂ ਹੋਵੇ ਇਸ ਪਰਕਾਰ ਵਿਦਿਆ ਵਧਦੀ ਹੈ ਨਾਲੇ ਗੁਣ ਦੇ ਦਾਇਕ ਹੁੰਦੀ ਹੈ।

**ਗੁਰ ਸੇਵਾ ਵਾ ਦਰਬ ਕਰ ਵਿਦਯਾ ਵਿਦਯਾ ਹੋਇ॥ ਤ੍ਰਿਤੀ ਬ੍ਰਿਧੀ ਵਿਦਯਾ ਕਰਹਿ ਚਉਥੋ ਹੇਤੁ ਨ ਕੋਇ॥ ੯॥**

ਵਿਦਿਆ ਸਿਖੀ ਜਾਂਦੀ ਹੈ ਜਾਂ ਗੁਰਾਂ ਦੀ ਸੇਵਾ ਕਰਨੇ ਕਰਕੇ ਜਾਂ ਕਿਸੇ ਨੂੰ ਆਪ ਪੜ੍ਹਾਏ ਦਿਤੀ ਤੇ ਉਹਦੇ ਕੋਲੋਂ ਅਗੇ ਹੋਰ ਕੋਈ ਵਿਦਿਆ ਸਿਖ ਲਈ ਏਹ ਤਿੰਨ ਤਰੀਕੇ ਵਿਦਿਆ ਪੜ੍ਹਨ ਦੇ ਹਨ।

**ਅਥ ਵਿਦਯਾ ਮਹਿਮਾ॥ ਦੋਹਰਾ॥ ਵਿਦਯਾ**

**ਉਦਮ ਸਿਲਪਤਾ ਪੰਡਿਤ ਸੰਗ੍ਰਹਿ ਮੀਤ ॥ਅਖੈ ਨਭਯਤਸਕਰਇਨੈਪਾਂਚਨਿਧਾਂਸੁਖਨੀਤ॥੧੦॥**

ਵਿਦਿਆ ਪੜ੍ਹਿਆ ਹੋਯਾ ਉਦਮ ਕਰੇ ਜਾਂ ਚਿਤਰਕਾਰੀ ਕਰਕੇਪੰਡਤ ਬਹੁਤੇ ਮਿਤਰ ਹੋ ਜਾਣ ਨਾ ਇਹਨਾਂ ਦਾ ਨਾਸ ਹੋਸਕਦਾਹੈ। ਨਾ ਚੋਰ ਹੋਵੇ ਚੁਰਾਇ ਸਕਦੇ ਹਨ ਏਹ ਪਾਂਚ ਨਿਧਾਂ ਹਨ ਸੁਖ ਦੇਣੇ ਵਾਲੀਆਂ।

**ਗੁਪਤ ਪ੍ਰਛਿਨ ਅਤੁਲ ਧਨ ਵਿਦਯਾ ਨਰ ਬਪੁ ਜਾਨ॥ ਵਿਦਯਾ ਜਸੁ ਸੁਖ ਭੋਗਦੇ ਵਿਦਯਾ ਗੁਰੁ ਗੁਰੁ ਮਾਨ ॥**

ਵਿਦਿਆ ਗੁਪਤ ਖਜਾਨਾ ਹੈ ਜੇਹੜਾ ਪੜ੍ਹੇ ਓਹਦੇ ਕੋਲਰਹਿ ਸਕਦਾ ਹੈ ਇਸਦਾ ਤੋਲ ਨਹੀਂ ਏਹ ਅਤੁਲ ਧਨ ਹੈ ਵਿਦਿਆ ਮਾਨੋ ਕੋਲ ਦੂਸਰਾ ਆਦਮੀ ਹੈ। ਵਿਦਿਆ ਕਰਕੇ ਜਸ ਹੁੰਦਾਹੈ ਸੁਖਾਂਦੇ ਸਾਧਨ ਹੋਜਾਂਦੇ ਹਨ। ਵਿਦਵਾਨ ਆਦਮੀ ਨੂੰ ਲੋਕੀਂ ਗੁਰਾਂ ਦੀ ਤਰਾਂ ਮੰਨਣ ਲਗ ਜਾਂਦੇ ਹਨ ਅਥਵਾ ਗੁਰੂ ਬਣਾ ਦਿੰਦੀਹੈ ਭਾਵਵਡੇ ਤੋਂ ਵਡਾ।

**ਵਿਦਯਾ ਬੰਧੁ ਪ੍ਰਦੇਸ ਮੈਂ ਵਿਦਯਾ ਦੇਵ ਵਿਸੇਖ॥ ਪੂਜ ਨ੍ਰਿਪੋਂ ਕਰ ਅਘ ਹਤੀ ਵਿਦਯਾ ਬਿਨ ਪਸੁ ਵੇਖ॥ ੧੨॥**

ਵਿਦਿਆ ਕੈਸੀ ਹੈ ਪਰ ਦੇਸ ਵਿਚ ਸਰਬੰਧੀਆਂ ਦੀ ਤਰਾਂ ਸਹਾਇਤਾ ਕਰਦੀ ਹੈ। ਵਿਦਿਆ ਮਾਨੋ ਬੜਾ ਕੋਈ ਦੇਵਤਾ ਹੈ ਜਿਸ ਨੂੰ ਰਾਜੇ ਭੀ ਪੂਜਦੇ ਹਨ ਵਿਦਿਆ ਜੋ ਸਰਬ ਪਾਪੋਂਕਾ ਨਾਸ ਕਰਤੀ ਹੈ ਵਿਦਿਆ ਤੋਂ ਬਿਨਾਂ ਏਹ ਵੀ ਪਸੂ ਦੇ ਤੁਲ ਹੈ।

**ਨਿੰਦ੍ਰਾ ਭੋਜਨ ਭੋਗਭਯ ਏਹ ਪਸੁ ਪੁਰਖ ਸਮਾਨ ॥ ਨਰਨ ਗਯਾਨ ਨਿਜ ਅਧਿਕਤਾ ਗਿਆਨ ਬਿਨਾਂ ਪਸੁ ਜਾਨ ॥ ੧੩ ॥**

ਨਿੰਦਰਾ ਕਰਨੀ ਭੋਜਨ ਕਰਨਾ ਭੈ ਆਓਣੇ ਪਸੂ ਔਰ ਮਾਨੁਖ ਇਕੋ ਜੇਹੇ ਕਰਸਕਦਾ ਹੈ ਮਨੁਖ ਵਿਚ ਇਹੋਹੀ ਵਾਧਾ ਹੈ ਕਿਉਸਨੂੰ ਈਸ਼ਰ ਪਾਨਦਾ ਗਿਆਨ ਹੈ ਪਸੂ ਨੂੰ ਨਹੀਂ ਹੈ ਏਸ ਵਾਸਤੇ ਮਨੁਖ ਵਿਚ ਵਾਧਾ ਹੈ।

**ਧਰਮ ਸੀਲ਼ ਤਪ ਦਾਨ ਗੁਣ ਵਿਦਯਾ ਬਿਨਜੇ ਜੰਤ ॥ ਮਿਰਤ ਲੋਕ ਖਿਤ ਭਾਰਤੇ ਨਰ ਬਪ ਮ੍ਰਿਗ ਬਿਚਰੰਤ ॥ ੧੪ ॥**

ਧਰਮ ਸੀਲ ਤਪ ਦਾਨ ਸੁਭ ਗੁਣ ਵਿਦਿਆ ਬਿਨਾ ਜੋ ਪੁਰਸ਼ ਹੈ ਉਹ ਪੁਰਸ਼ ਪ੍ਰਿਥੀ ਉਪਰ ਆਦਮੀ ਨਹੀਂ ਮਾਨੋ ਹਰਨ ਪਸ਼ੂ ਸਮਾਨ ਤੁਰਦਾ ਫਿਰਦਾ ਹੈ ।

**ਸ੍ਵਰ ਸਿਰ ਤ੍ਵਕ ਮੁਨਿ ਪਲਦ ਜਨ ਧ੍ਰਿਗਯੋਗ ਦ੍ਰਿਗ ਨਾਰਿ ॥ ਪੰਚ ਗੁਨ ਮ੍ਰਿਗ ਖਟ ਦੋਖ ਨਰ ਤਾਂ ਤੇ ਹਰਨ ਉਦਾਰ ॥**

ਵਿਦਿਆ ਤੋਂ ਬਿਨਾਂ ਆਦਮੀ ਨਾਲੋਂ ਪਸੂ ਹਛਾ ਹੈ ਕਿਉਂ ਕਿ ਹਰਨ ਜੋ ਹੁੰਦਾ ਹੈ ਰਾਗ ਨਾਦ ਸ਼ਬਦ ਸੁਣ ਕਰ ਆਪਣਾ ਸਿਰ ਦੇਂਦਾ ਹੈ ਉਸਕਾ ਜੋ ਮਰਗਾਨਹੈ ਉਹ ਰਿਖੀਮੁਨੀ ਹੇਠਾਂ ਵਿਛਾਉਂਦੇ ਹਨ ਪਵਿਤ੍ਰ ਜਾਣ ਕਰ ਮਾਸ ਬਹੁਤ ਲੋਕ ਭਖਨ ਕਰਦੇ ਨੇ ਸਿੰਙੀ ਜੋਗੀ ਜੰਗਮ ਬਜਾਤੇ ਹੈਂ ਨੇਤਰ ਕਵੀ ਲੋਕ ਸੋਭਾ ਦੇਂਦੇ ਹੈ ਪੰਜ ਗੁਣ ਹਰਨ ਪਸੂ ਵਿਖੇ ਹੈ ਤੇ ਮਨੁਖ ਵਿਚ ਛੇ ਅਵਗੁਣ ਹੈ। ਕਾਮ ਕਰੋਧ

ਲੋਭ ਮੋਹ ਹੰਕਾਰ ਈਰਖਾ ਮਨੁਖ ਨਾਲੋਂ ਹਰਨ ਉਤਮ ਹੈ।

**ਪੁਰਖ ਅਸਾਸਤ੍ਰੀ ਕਥਾ ਲਖੇ ਗੁਨ ਦੇਖਨ ਕੀ ਸੰਧਿ॥ਰੂਪ ਭੇਦਅਧਿਕਾਰਕੋ ਕਥਾ ਪ੍ਰਾਪਤਿ ਹ੍ਵੈ ਅੰਧ॥ ੧੬ ॥**

ਪੁਰਖ ਵਿਦਿਆ ਤੋਂ ਬਿਨਾ ਕੀ ਸਮਝ ਸਕਦਾ ਹੈਕਿ ਇਸ ਕਰਮ ਮੇਂ ਪਾਪ ਹੈ ਜਾਂ ਪੁੰਨ ਹੈ ਕਿਉਂਕਿ ਅੰਨੇ ਨੂੰ ਕੀ ਪਛਾਣ ਹੈ । ਏਸਦਾ ਰੰਗ ਕਾਲਾ ਹੈ ਗੋਰਾ ਹੈ।

**ਮੁਗਧਪੂਜਨਿਜ ਧਾਮ ਮੇਂ ਪ੍ਰਭੂਪੂਜਨਿਜ ਨਗ੍ਰ॥ ਭੂਪਪੂਜ ਸ੍ਵੈਦੇਸਮੈਂ ਪੂਜਤ ਗੁਨੀ ਸਮੱਗ੍ਰ॥ ੧੭॥**

ਮੂਰਖ ਜੋ ਪੁਰਸ਼ ਹੈ ਓਸਦੀ ਘਰ ਵਿਚ ਹੀ ਬਾਤ ਮੰਨੀ ਜਾਂਦੀ ਜੋ ਪੰਚ ਯਾਂ ਚੋਧਰੀ ਹੋਵੇ ਓਸਦੀ ਆਪਣੇ ਪਿੰਡ ਵਿਚ ਹੀ ਹਕੂਮਤ ਮੰਨੀ ਜਾਂਦੀ ਹੈ ਰਾਜਾ ਜੋ ਹੁੰਦਾ ਹੈ ਓਹਦਾ ਹੁਕਮ ਆਪਣੇ ਦੇਸ ਤੇ ਚਲ ਸਕਦਾ ਹੈ ਜੋ ਵਿਦਿਆਵਾਨਹੈ ਓਸਦੀ ਸਾਰੇਰਾਜਿਆਂ ਤੋਂ ਲੈਕੇ ਸਰਬ ਦੇਸ ਵਿਚ ਮਾਨਤਾ ਹੁੰਦੀ ਹੈ।

**ਏਕਾਖਯਰਦਾਤਾਜੁ ਗੁਰੁ ਜੋ ਸੇਵਤ ਨਹਿ ਤਾਸ॥ ਪਾਇਜਨਮਸੋਸਵਾਨਕੋਬਹੁਰਸੁਪਚ ਘਰਵਾਸ॥**

ਏਕ ਅਖਰ ਜੋ ਪੜਾਨੇ ਵਾਲਾ ਗੁਰੂ ਹੈ ਓਹਦੀ ਭੀ ਸੇਵਾ ਕਰਨ ਜੋਗ ਹੈ ਜੇੜਾ ਪੁਰਸ਼ ਨਹੀਂ ਕਰਦਾ ਹੈ ਓਹਸੌ ਜਨਮ ਕੁਤੇਦੇਪਾਵੇਗਾ ਔਰ ਜੇ ਮਨੁਖ ਦਾ ਜਨਮ ਹੋਵੇਗਾ ਤਾਂ ਚੰਡਾਲ ਦੇ ਘਰ ਪੈਦਾਹੋਵੇਗਾ

**ਰੂਪ ਦਰਬ ਜੋਬਨ ਸਹਤ ਸੁਕੁਲ ਜਨਮ ਬਹੁ ਬੰਧ॥ ਵਿਦਿਆ ਬਿਨ ਸੋਭਤ ਨਹੀਂ ਜਿਉਂ ਕੇਸੂ ਬਿਨ ਗੰਧ॥**

ਬਹੁਤ ਹੀ ਸੁੰਦਰ ਸਰੂਪ ਹੋਵੇ ਪਾਸ ਧਨ ਬਹੁਤ ਹੋਵੇ ਅਵਸਥਾ ਜੁਆਨ ਹੋਵੇ ਉਤਮ ਕੁਲ ਵਿਖੇ ਜਨਮ ਹੋਵੇ ਭਾਈ ਬੰਧ ਬਹੁਤ ਹੋਣ ਪਰ ਜੇ ਇਕ ਵਿਦਿਆ ਨਹੀਂ ਹੈ ਤਾਂ ਕਦੀ ਸੋਭਾ ਨਹੀਂ ਪਾ ਸਕਦਾ ਜਿਸਤਰਾਂ ਕੇਸੂ ਦੇ ਫੁਲ ਵਿਚ ਸੁਗੰਧੀ ਨਹੀਂ ਹੋਰ ਸਾਰੇ ਗੁਣ ਹਨ।

**ਅਲੰਕਾਰ ਪਟ ਭੇਖ ਬਿਨ ਯਦਪਿ ਹੋਇ ਕਰੂਪ॥ ਸੋਭਤ ਸੰਤਨ ਸਭਾ ਬਿਤ ਜਨ ਵਿਦ-ਵਾਨ ਅਨੂਪ॥ ੨੦॥**

ਗਹਿਣੇ ਭੂਖਣ ਤੋਂ ਬਿਨਾਂ ਹੋਵੇ ਬਸਤਰ ਨਾ ਹੋਵੇ ਕੋਈ ਭੇਖ ਭੀ ਨਾ ਧਾਰਨ ਕੀਤਾ ਹੋਵੇ ਬਹੁਤਹੀ ਮਾੜਾ ਸਰੂਪ ਹੋਵੇ ਜੋ ਵਿਦਿਆ ਵਾਨ ਹੈ ਤਾਂ ਵਿਦਵਾਨ ਸੰਤਾਂ ਵਿਚ ਸੋਭਾ ਪਾਂਵਦਾ ਹੈ।

**ਸੋਰਠਾ॥ ਸਬਦ ਸਾਸਤ੍ਰ ਕੋ ਤਯਾਗ ਚਹੇ ਅਧੈਨਾਪਠ ਨਿਗਮ॥ ਸੋ ਪਗ ਗਿਨ ਤਿਹ ਨਾਗ ਨਿਸ ਤਮ ਜਲ ਮੋਂ ਚਿਰ ਰਮਯੋ॥ ੨੧॥**

ਜੋ ਵਿਆਕਰਣ ਨੂੰ ਪੜ੍ਹੇ ਤਾਂ ਕਹੇ ਮੈਂ ਵੇਦ ਵਿਦਿਆ ਪੜ੍ਹ ਲਵਾਂ ਤਾਂ ਕਦਾਚਿਤ ਨਹੀਂ ਪੜ੍ਹੀ ਜਾ ਸਕਦੀ ਜਿਸਤਰਾਂ ਰਾਤ ਹੋਵੇ ਤੇ ਜਲ ਵਿਚੋਂ ਚੋਖੇ ਚਿਰ ਦਾ ਸਪ ਲੰਘਗਿਆ ਹੋਵੇ ਓਸਦੇ ਕਿਸੇਪੈਰ ਗਿਣ ਲੈਣੇ ਹਨ? ਕਦੇ ਨਹੀਂ ਜਿਸਤਰਾਂ ਸਪਦੇ ਪੈਰ ਨਹੀਂ ਗਿਣੇਜਾ ਸਕਦੇ ਏਸੇ ਤਰਾਂ ਵਿਆਕਰਣ ਤੋਂ ਬਿਨਾ ਵੇਦ ਵਿਦਿਆ ਨਹੀਂ ਪੜ੍ਹੀ ਜਾਂਦੀ।

**ਦੋਹਰਾ॥ ਵਿਖ ਵਿਦਯਾ ਅਭਯਾਸ ਬਿਨ ਭੋਜਨ ਗਰਯ ਅਘਾਇ॥ ਸੁਭ ਕੋ ਸੰਗ ਦਰਿਦ੍ਰ ਬਿਖ ਬ੍ਰਿਧ ਨਾਰਿ ਬਿਖ ਗਾਇ॥ ੨੨॥**

ਅਭਿਆਸ ਤੋਂ ਬਿਨਾਂ ਵਿਦਿਆ ਵਿਹੁ ਦਾ ਅਸਰ ਕਰਦੀ ਹੈ ਰਜਿਆ ਹੋਇਆ ਆਦਮੀ ਹੋਰ ਭੋਜਨ ਕਰੇ ਤਾਂ ਵਿਖ ਸਮਾਨ ਹੈ। ਸ਼ੁਭ ਪੁਰਸ਼ ਨੂੰ ਦਲਿੱਦਰੀ ਦਾ ਸੰਗ ਵਿਖ ਹੈ।ਵਡੀ ਉਮਰ ਦਾ ਗੌਣਾ ਭਾਵ ਬਿਰਧ ਨਾਰ ਦਾ ਗਾਇਨ ਵਿਖ ਸਮਾਨ ਹੈ।

**ਮਾਤਾ ਵਤ ਰਖਿਆ ਕਰੇ ਪਿਤਾ ਜਿਵੇਂ ਹਿਤਕਾਰ॥ ਕਰੇ ਨਾਰਿ ਜਿਉਂ ਪ੍ਰੇਮ ਬਹੁ ਸੋਕ ਟਾਰ ਸੁਖਕਾਰ॥ ੨੩॥**

ਵਿਦਿਆ ਜੋ ਹੈ ਮਾਤਾ ਦੀ ਤਰਾਂ ਆਦਮੀ ਦੀ ਰਖਿਆ ਕਰਦੀ ਹੈ ਔਰ ਪਿਤਾ ਵਤ ਪਿਆਰ ਤੇ ਸਤਕਾਰ ਕਰਦੀ ਹੈ ਜਿਸ-ਤਰਾਂ ਇਸਤ੍ਰੀ ਆਪਣੇ ਖਾਵੰਦ ਨਾਲ ਪਿਆਰ ਕਰਦੀ ਹੈ ਇਸੀਤਰਾਂ ਵਿਦਿਆ ਭੀ ਆਦਮੀ ਨਾਲ ਪਰੇਮ ਕਰਦੀ ਹੈ ਔਰ ਸੁਖ ਦੇਂਦੀ ਹੈ।

**ਵਿਦ੍ਯਾ ਬਾਂਧਵ ਜਿਉਂ ਸਕਲ ਕਾਰਜ ਦੇਤ ਸਵਾਰ॥॥ ਦਾਯਕ ਕੀਰਤਿ ਦਰਬ ਕੀ ਤਾਂਤੇਪੜੇ ਉਦਾਰ॥ ੨੪॥**

ਕੈਸੀ ਵਿਦਿਆ ਹੈ ਸਰਬੰਧੀਆਂ ਕੇ ਤੁਲ ਕਾਰਜ ਕਰ ਦੇਤੀ ਹੈ ਧਨ ਆਦਕ ਸੇ ਭਰਪੂਰ ਕਰ ਦੇਤੀ ਹੈ ਤਾਂ ਤੇ ਹੇ ਜਨੋ ਵਿਦਿਆ ਕੋ ਬਡੇ ਪਰੇਮ ਸੇ ਹਰ ਰੋਜ ਪੜੇ ਏਹ ਬਡੇ ਸੁਖ ਕੇ ਦੇਣੇ ਵਾਲੀ ਹੈ।

**ਸਹਿਸ੍ਰਾ ਗੁਨਾ ਵਿਦ੍ਯਾ ਵਧੇ ਪੁਨਾ ਪੁਨਾ ਅਭਿਆਸ॥ ਰਸਨਾਗ੍ਰੈ ਨਿਸ ਦਿਨ ਬਸੇ ਜਿਉਂ ਜਲ ਨੀਚੇ ਵਾਸ॥ ੨੫॥**

ਵਿਦਿਆ ਹਜਾਰ ਗੁਣਾਂ ਵਧ ਜਾਂਦੀ ਹੈ ਜੇ ਇਸਨੂੰ ਵਾਰ ਵਾਰ ਪੜੇ ਔਰ ਹਰ ਵਕਤ ਰਸਨਾ ਅਗੇ ਨਿਵਾਸ ਕਰਦੀ ਹੈ ਜਿਸ

Sri Satguru Jagjit Singh Ji Elibrary NamdhariElibrary@gmail.com

ਤਰਾਂ ਜਲ ਨੀਚੇ ਕੋ ਆਂਵਦਾ ਹੈ ਇਸੀ ਤਰਾਂ ਅਭਿਆਸ ਕਰਨੇ ਕਰਕੇ ਰਸਨਾ ਤੇ ਵਾਸ ਕਰਦੀ ਹੈ।

**ਸਾਸਤ੍ਰ ਕਰ ਮਦ ਹਤ ਸੁਜਨ ਖਲ ਕੋ ਮਦ ਉਪਜੰਤ ॥ ਜਿਉਂ ਦ੍ਰਿਗ ਭਾਨੁ ਪ੍ਰਕਾਸ ਹ੍ਵੈ ਉਲੂ ਅੰਧ ਕਰੰਤ ॥ ੨੬ ॥**

ਸ਼ਾਸਤ੍ਰ ਪੜਨੇ ਕਰਕੇ ਬੁਧੀਵਾਨ ਕਾ ਤੋ ਹੰਕਾਰ ਦੂਰ ਹੋਜਾਂਦਾ ਹੈ ਜੋ ਮੂਰਖ ਹੈ ਓਸਨੂੰ ਸਗੋਂ ਹੰਕਾਰ ਪੈਦਾ ਹੋਜਾਂਦਾ ਹੈ ਜੈਸੇਸੂਰਜ ਅਖੀਆਂ ਵਾਲੇ ਕੋ ਪਰਕਾਸ਼(ਚਾਨਣਾ)ਦੇਤਾ ਹੈ ਔਰ ਉਲੂ ਕੋ ਅੰਧੇਰਾ ਹੋਤਾ ਹੈ।

**ਸਵੈਯਾ ॥ ਮੁਕਟਾਗਦ ਕੁੰਡਲ ਕੰਕਨਹੈ ਕਰ ਚੰਦ੍ਰ ਪ੍ਰਭਾਗਰ ਮੋਤਨਹਾਰ॥ਮੁਖਚੰਦ੍ਰਪ੍ਰਭਾਦ੍ਰਿਗ ਕੰਜ ਪ੍ਰਭਾ ਤਨ ਕੰਦ੍ਰ ਪ੍ਰਭਾ ਰਤਿ ਸੀ ਘਰਦਾਰ॥ ਇਸਨਾਨ ਵਾ ਲੇਪਨ ਚੰਦਨ ਕੁੰਕਮ ਗੰਧ ਘਨੀ ਕਰ ਗੁੰਦਤ ਵਾਰਾ ॥ ਨਰ ਕੋ ਇਹ ਸੁੰਦਰ ਸਾਚ ਕਰੈ ਪਰ ਅੰਤ ਅਨੰਤ ਕਲੇਸ ਭੰਡਾਰਾ ॥ ੨੭ ॥**

ਸਿਰਤੇ ਮੁਕਟ ਅਰਥਾਤ ਤਾਜ ਕੰਨਾਂ ਵਿਖੇ ਕੁੰਡਲ ਹਥਾਂ ਵਿਖੇ ਕੰਗਣ ਹਨ ਅਰ ਚੰਦਰਮਾਂ ਵਰਗੀ ਪ੍ਰਭਾ (ਤੇਜ ਰੂਪ) ਤੇ ਗਲ ਵਿਚ ਮੋਤੀਆਂ ਦਾ ਹਾਰ ਹੈ ਮੁਖਦੀ ਪ੍ਰਭਾ ਚੰਦ੍ਰ ਵਰਗੀ ਨੇਤ੍ਰ ਦੀ ਕੌਲ ਫੁਲ ਵਰਗੀ ਹੈ ਅਤੇ ਸਰੀਰ ਦੀ ਪ੍ਰਭਾ ਕੇਲੇ ਵਰਗੀਕੋਮਲ ਅਤੇ ਕਾਮਦੇਵ ਦੀ ਇਸਤ੍ਰੀ ਰਤੀ ਵਰਗੀ ਘਰ ਇਸਤ੍ਰੀ ਹੈ,ਚੰਦਨ ਦਾ ਲੇਪ ਕਰਕੇ ਸਰੀਰ ਦਾ ਇਸ਼ਨਾਨ ਕਰਦੀ ਕੇਸਰ ਵਰਗੀ ਬਹੁਤ ਸਾਰੀ ਸੁਗੰਧੀ ਕਰਕੇ ਵਾਲ ਗੁੰਦੇ ਹੋਣ ਸਚੀ ਗਲ ਹੈ ਏਹ ਸਾਰੀਆਂ ਗਲਾਂਪੁਰਸ਼ਨੂੰ ਸੁੰਦਰ ਕਰਦੀਆਂਹਨ ਪਰ ਅੰਤਨੂੰਏਹਬਹੁਤ ਸਾਰੇਕਲੇਸ਼ਾਂਦਾਭੰਡਾਰਹੈ।

**ਸਭ ਭੂਖਣ ਮੈਂ ਯਿਹ ਭੂਖਣ ਹੈ ਸੁਭ ਵੇਦ ਮਈ ਇਕ ਬਾਨੀ ਉਚਾਰਾ॥ ਨਰਕੋਵੁਹ ਸੁੰਦਰ ਬੇਗ ਕਰੈ ਬਪੁ ਸਾਰ ਜਿਵੇਂ ਫਲੁ ਦੇਵਹਿ ਸਾਰ॥ ਚਤੁਰਾਨਨ ਚੌਦਸ ਭੌਨ ਰਚੇ ਪਰ ਨਾ ਵਿਦਯਾ ਸਮ ਤਾਹਿ ਮਝਾਰਾ॥ ਨਰ ਤਾਂਤੇ ਸਦੀਵ ਪੜੈ ਵਿਦਯਾ ਹਰਿਦਯਾਲੁਚਹੇਜੁ ਪਦਾਰਥਚਾਰਾ੨੯**

ਸਾਰਿਆਂ ਗੈਹਨਿਆਂ ਵਿਚੋਂ ਏਹ ਗਹਿਣਾ ਸ੍ਰੇਸਟ ਗਹਿਣਾ ਹੈ ਕਿ ਸ਼ੁਭ ਵੇਦ ਰੂਪੀ ਬਾਣੀ ਦਾ ਉਚਾਰ ਕਰਨਾ ਪੁਰਸ਼ ਨੂੰ ਉਹ ਏਨੀਛੇਤੀ ਸੁੰਦਰ ਕਰ ਦੇਂਦੀ ਹੈ ਜਿੰਨੀ ਛੇਤੀ ਸੁਰਸਤੀ ਸ੍ਰੇਸ਼ਟ ਫਲ ਦੇਂਦੀਹੈ ਬ੍ਰਹਮਾ ਕੇ ਰਚੇ ਹੋਏ ਚੌਦਾਂ ਭੌਣ ਹਨ ਪਰ ਵਿਦਿਆ ਸਮਾਨ ਓਹ ਵੀ ਨਹੀਂ ਹਨ ਤਾਂਤੇ ਹਰ ਦਿਆਲ ਕਵੀ ਜੀ ਕਹਿੰਦੇ ਹਨ ਕਿ ਜੇ ਪੁਰਸ਼ ਚਾਰ ਪਦਾਰਥ 'ਧਰਮ ਅਰਥ ਕਾਮ ਮੋਖ' ਪ੍ਰਾਪਤ ਕਰਨਾ ਚਾਹੇ ਤਾਂਤੇ ਸਦੀਵਕਾਲ ਵਿਦਿਆ ਪੜ੍ਹੇ।

**ਦੋਹਰਾ॥ ਬਾਈ ਦੋਹੇ ਤ੍ਰੈ ਸੋਰਠੇ ਦੋਇ ਸ੍ਵੈਯਾ ਚੀਨ॥ ਇਕ ਸੰਕਰ ਅਠਬੀਸ ਬ੍ਰਿਤਿ ਚਿਤ ਬ੍ਰਿਤਿ ਕਰੇ ਮਹੀਨ॥**

ਬਾਈ ਦੋਹੇ ਤ੍ਰੈ ਸੋਰਠੇ ਦੋ ਸਵੈਯੇ ਇਕ ਸ਼ੰਕਰ ਏਹ ਅਠ ਤੇ ੨੦ ਅਠਾਈ ਸਲੋਕ ਚਿਤ ਦੀ ਬ੍ਰਿਤੀ ਨੂੰ ਮਹੀਨ ਕਰ ਦੇਂਦੇ ਹਨ।

**ਇਤਿ ਸ੍ਰੀ ਸਾਰੁਕਤਾਵਲੀ ਤਾਸ ਤ੍ਰਿਤੀ ਅਧਯਾਇ॥ ਕੀਰਤਿ ਵਿਦਿਆ ਕੀ ਕਰੀ ਕਵਿ ਹਰਿਦਿਆਲ ਸੁਭਾਇ॥ ੩ ॥**

ਸਾਰੁਕਤਾਵਲੀ ਦਾ ਤੀਜਾ ਅਧਿਆਇ ਸਮਾਪਤ ਹੋਇਆ ਜਿਸ ਵਿਚ ਹਰਦਿਆਲ ਜੀਨੇ ਵਿਦਿਆ ਦਾ ਜਸ ਵਰਨਣ ਕੀਤਾ ਹੈ।

## ਅਥ ਚਤੁਰਥ ਅਧਿਆਇ

**ਦੋਹਰਾ ॥ ਕਹੇ ਚਤੁਰਥੇ ਗਿਆਨ ਹਿਤ ਉਤਮ ਆਠ ਸ਼ਲੋਕ ॥ ਸੋਕ ਸੁਕਹਿ ਇਸ ਲੋਕ ਕੇ ਅੰਤਹਿ ਮੁਕਤ ਸਲੋਕ ॥ ੧ ॥**

ਚੌਥੇ ਧਿਆਇ ਵਿਖੇ ਬਹੁਤ ਗਿਆਨ ਵਾਲੇ ਅਠ ਸਲੋਕ ਲਿਖੇ ਹਨ ਜੋਕਿ ਏਸ ਲੋਕ ਦੇ ਸ਼ੋਕ ਉਤਾਰਦੇ ਹਨ ਅਤੇ ਅੰਤ ਵਿਖੇ ਮੁਕਤ ਨੂੰ ਪ੍ਰਾਪਤ ਕਰਾਉਂਦੇ ਹੈਨ ।

**ਸ੍ਵੈਯਾ॥ ਜਨ ਉਤਮ ਹੇਰ ਧਰਾ ਪਰ ਉਤਮ ਪਾਉ ਧਰੇ ਨਹ ਜੰਤ ਮਰੇ ॥ ਅਤਿ ਵਾਕ ਪਵਿੱਤ੍ਰ ਯਥਾਰਥ ਸੁੰਦਰ ਸੋਧ ਰਿਦੇ ਸਭ ਹੂੰ ਕੇ ਰਰੇ ॥ ਪੁਨ ਕੈ ਸੁਚ ਚੀਰ ਸੋਂ ਨੀਰ ਭਲੇ ਜਨ ਧੀਰ ਨਿਰੰਤਰਿ ਪਾਨ ਕਰੇ ॥ ਬੁਧਿ ਸੋਂ ਲਖ ਕੇ ਸਭ ਵਸਤੂ ਭਲੇ ਪੁਰਖੋਤਮ ਲਖਨ ਏ ਉਚਰੇ ॥ ੨ ॥**

ਪੁਰਸ਼ ਜੇ ਪ੍ਰਿਥਵੀ ਤੇ ਤੁਰਿਆ ਜਾਂਦਾਹੈ ਅਤੇ ਜੀਵ ਪੈਰਹੇਠਾਂ ਵੇਖਕੇ ਨਾ ਮਾਰੇ ਬਾਣੀ ਪਵਿਤ੍ਰ (ਮਿਠੀ ਬੋਲੀ) ਬੋਲੇ ਯਥਾ ਆਉ ਵੀਰ ਜੀ ਬੈਠ ਜਾਉ।ਸੰਤ ਜੀਉ।ਇਤਿਆਦਿਕ ਅਥਵਾ ਕਿਸੇਨੂੰ ਦੁਖ ਦੇਣ ਵਾਲਾ ਸ਼ਬਦ ਉਚਾਰਨ ਨਾ ਕਰੇ ਅਤੇ ਸ਼ੁਭ ਸਾਫ। ਬਸਤ੍ਰਵਿਚ ਜਲ ਪੁਣਕੇ ਧੀਰਜਵਾਨ ਹੋਕੇ ਚਿਤ ਨੂੰ ਸ੍ਰੇਸ਼ਟ ਕਰਕੇ ਗ੍ਰੈਹਣ ਕਰੇ। ਏਹ ਅਸਾਂ ਬੁਧੀ ਦਵਾਰਾ ਜਾਣਕੇ ਉਤਮ ਉਤਮ ਪੁਰਸ਼ਾਂ ਦੇ ਲਛਣ

Sri Satguru Jagjit Singh Ji Elibrary NamdhariElibrary@gmail.com

ਕੈਹ ਦਿਤੇ ਹਨ।

**ਦੋਹਰਾ॥ ਤਨ ਪਟ ਜਲ ਕਰ ਸੁਧ ਹ੍ਵੈ ਬੁਧਿ ਵਿਦਾਂਤ ਵਿਚਾਰ॥ ਜੀਵ ਅਹਿੰਸਾ ਗੋ ਭਗਤ ਮਨ ਨਿਰ ਵੇਦਹਿ ਧਾਰ॥ ੩॥**

ਸ਼ਰੀਰ ਅਤੇ ਬਸਤ੍ਰ ਜਲ ਦਵਾਰਾ ਸੁਧ ਹੁੰਦੇ ਹਨ ਸੁਧ ਬੁਧੀ ਵੇਦਾਂ ਦੇ ਵਿਚਾਰ ਕਰਨ ਤੋਂ ਸ਼ੁਧ ਹੁੰਦੀ ਹੈ-ਜੀਵ ਅਹਿੰਸਾ ਕਰਨ ਤੋਂ ਇੰਦ੍ਰੀਆਂ ਸੁਧ ਹੁੰਦੀਆਂ ਹਨ ਮਨ ਗੋ = ਗੋਬਿੰਦ ਦੀ ਭਗਤੀ ਕਰਨ ਤੋਂ ਵੈਰਾਗ ਕਰਕੇ ਸੁਧ ਹੁੰਦਾ ਹੈ।

**ਜਲ ਕਰ ਕਰਦਮ ਉਪਜ ਹੈ ਜਲ ਕਰ ਪੰਕ ਵਿਨਾਸ॥ ਮਨ ਕਰ ਉਪਜਤ ਪਾਪ ਕਿਲ ਹੀ ਕਰ ਅਘ ਨਾਸ॥ ੪॥**

ਜਲ ਦਵਾਰਾ ਹੀ ਚਿਕੜ ਦੀ ਉਤਪਤੀ ਹੁੰਦੀ ਹੈ ਅਤੇ ਜਲ ਦਵਾਰਾ ਹੀ ਓਹ ਚਿਕੜ ਰੁੜ ਜਾਂਦਾ ਹੈ ਇਸੀ ਪ੍ਰਕਾਰ ਮਨ ਦਵਾਰਾ ਹੀ ਪਾਪ ਉਪਜਦੇ ਹਨ ਅਤੇ ਮਨ ਦਵਾਰਾ ਹੀ ਪਾਪਾਂ ਦਾ ਨਾਸ ਹੋ ਜਾਂਦਾ ਹੈ। ਜਲ ਦਵਾਰਾ ਹੀ ਕਰਦਮ = ਕੌਲ ਫੁਲ ਦੀ ਉਤਪਤੀ ਅਤੇ ਜਲ ਕਰਕੇ ਪੰਕ = ਕੌਲ ਫੁਲ ਦਾ ਬਿਨਾਸ ਹੁੰਦਾ ਹੈ ਇਸੀ ਪ੍ਰਕਾਰ ਮਨ ਤੋਂ ਪਾਪ ਪੈਦਾ ਹੁੰਦੇ ਹਨ ਅਤੇ ਮਨ ਹੀ ਉਹਨਾਂ ਨੂੰ ਨਾਸ ਕਰ ਦੇਂਦਾ ਹੈ।

**ਜਲ ਬ੍ਰਤ ਮੰਤ੍ਰ ਸਨਾਨ ਤ੍ਰੈ ਜਪੀ ਤਪੀ ਬ੍ਰਤ ਮੰਤ੍ਰ॥ ਜਲ ਸਨਾਨ ਗ੍ਰਸਤੀਨਕੋ ਪੂਜੈਉਭੈ ਨਿਰੰਤ੍ਰ॥ ੫॥**

ਤਿੰਨ ਪ੍ਰਕਾਰ ਦੇ ਜਪੀ ਹੁੰਦੇ ਹਨ ੧. ਜਲ ਅਸ਼ਨਾਨ ਕਰਨ ਵਾਲਾ ੨. ਬ੍ਰਤ ਧਾਰਨ ਕਰਨ ਵਾਲਾ ਅਤੇ ੩. ਮੰਤਰ ਧਾਰਨ ਕਰਨ

ਵਾਲਾ ਤਪੀ ਤਪ ਕਰੇ ਬ੍ਰਤੀ ਬ੍ਰਤ ਕਰਨ ਤੋਂ ਸੁਧ ਹੁੰਦਾ ਹੈ ਪਰੰਤੂ ਗ੍ਰਹਸਥੀ ਜਲ ਦੇ ਅਸ਼ਨਾਨ ਕਰਨ ਤੋਂ ਅਰ ਦੋਹਾਂ ਦੇ ਪੂਜਨ ਤੋਂ ਸੁਧ ਹੁੰਦਾ ਹੈ।

**ਦੋਹਰਾ॥ ਜਲ ਨਾਏ ਨਾਏ ਨਹੀਂ ਅੰਤਸ ਕਰਣ ਮਲੀਨ॥ ਸੁਰਾ ਪਾਤ੍ਰ ਕੋ ਵਾਰ ਸੋ ਧੋਏ ਸੁਧ ਕਬੀਨ॥ ੬॥**

ਜਲ ਦੇ ਨਾਲ ਅਸ਼ਨਾਨ ਕਰਨ ਤੋਂ ਸੁਧ ਨਹੀਂ ਹੋਵੀਦਾ ਜੇਕਰ ਅੰਤਸ਼ਕਰਨ ਮਲੀਨ ਹੋਵੇ। (ਮਨ ਨਾਂ ਸੁਧ ਹੋਵੇ) ਜਿਵੇਂ ਸ਼ਰਾਬ ਦਾ ਭਾਂਡਾ ਸੌ ਵਾਰ ਧੋਣ ਤੋਂ ਭੀ ਸੁਧ ਨਹੀਂ ਹੁੰਦਾ।

**ਮਾਤ ਪਿਤਾ ਗੁਰ ਕੀ ਭਗਤਿ ਸਤ ਤਪ ਗੁਣ ਨਿਗ੍ਰੇਹ॥ ਕ੍ਰਿਪਾ ਸਰਬ ਪਰ ਸਪਤ ਹੈ ਅੰਤਰ ਤੀਰਥ ਏਹ॥ ੭॥**

ਮਾਤਾ, ਪਿਤਾ, ਗੁਰੂ ਦੀ ਸੇਵਾ ਕਰਨੀ, ਸਚ, ਤਪ, ਗੁਣ ਗ੍ਰਹਿਣ ਕਰਨਾ ਸਾਰਿਆਂ ਤੇ ਕ੍ਰਿਪਾ ਕਰਨੀ (ਦਯਾ ਕਰਨੀ) ਏਹ ਸਤ ਅੰਤ੍ਰੀਵ ਤੀਰਥ ਹਨ।

**ਕਬਿੱਤ॥ ਸੀਤਲ ਸੁਗੰਧ ਮੰਦ ਭੂਖਨ ਪ੍ਰਭੰ-ਜਨ ਕੋ ਧਰਮ ਸੁਜਸ ਬਾਨੀ ਮੋਨਕੇ ਬਿਚਾਰੀ ਹੈ॥ ਖਿਮਾ ਤਪਧਾਰੀ ਵਿਦਿਆ ਬਿਪ੍ਰਕੋ ਉਚਾਰੀ ਨਿਜ ਪਤਿ ਬ੍ਰਤ ਨਾਰੀ ਧਨਦਾਨ ਪਾਤ੍ਰ ਭਾਰੀ ਹੈ॥ ਉਪਸਮ ਗਜਾਨੀ ਪੁਨਿ ਪੰਡਿਤ ਅਮਾਨੀ ਸੂਰ ਸੰਜਮ ਸੁਬਾਨੀ ਨਰਪਤਿ ਨੀਤ ਪਿਆਰੀ**

**ਹੈ ॥ ਦੇਹਕੋ ਪ੍ਰਧਾਨ ਦ੍ਰਿਗ ਮ੍ਰਿਦੁਤਾ ਮਹਾਨਜਗ ਭਗਵਾਨ ਪਾਦ ਭ੍ਰਿਗੂ ਬੰਦਨਾ ਹਮਾਰੀ ਹੈ ॥ ੮॥**

ਠੰਡੀ ਸੁਗੰਧੀ ਵਾਲੀ ਅਤੇ ਹੌਲੀ ਚਲਣਾ ਏਹ ਪੌਣ ਦਾ ਗੈਹਣਾ ਹੈ ਧਰਮ ਕਰਕੇ ਚੁਪ ਰੈਹਣ ਤੋਂ ਸ੍ਰੈਜਸ ਹੁੰਦਾ ਹੈ। ਤਪੀਖਿਮਾਂ ਧਾਰੇ ਬਿਪ ਬ੍ਰਾਹਮਣ ਵਿਦਿਆ ਪੜ੍ਹੇ ਇਸਤ੍ਰੀ ਦਾ ਭੂਸ਼ਣ ਹੈ ਪਤੀ ਬਿਨਾਂ ਹੋਰ ਕੁਝ ਨਾਂ ਸਮਝੇ ਧਨ ਪਾਤ੍ਰ ਦਾ ਗੈਹਣਾ ਹੈ ਕਿ ਦਾਨ ਕਰੇ ਗਿਆਨੀ ਵੈਰਾਗੀ ਹੋਵੇ ਪੰਡਤ ਮਾਣ ਤੋਂ ਰਹਿਤ ਹੋਵੇ।ਸੂਰਮਾਸੰਜਮ ਅਰਥਾਤ ਸੂਰਮਤਾਈ ਕਰੇ ਪਰੰਤੂ ਬਾਣੀ ਕਰਕੇ ਆਪਣੇ ਆਪ ਨੂੰ ਸੂਰਮਾਂ ਨਾ ਦਿਖਾਵੇ ਰਾਜੇ ਵਾਸਤੇ ਨੀਤੀ ਭੂਸ਼ਣ ਹੈ ਅਖੀਆਂ ਸਰੀਰ ਦਾ ਪ੍ਰਧਾਨ ਹਨ ਨੇਤ੍ਰਾਂ ਰਹਿਤ ਕਿਹੇ ਕੰਮ ਦਾ ਨਹੀਂ ਹੈ ਕੋਮਲਤਾਈ ਵਾਲਾ ਸਰੀਰ ਵਿਅਰਥ ਹੈ ਭ੍ਰਿਗੁਲਤਾ ਵਾਲੇ ਜੋ ਵਿਸ਼ਨੂੰ ਜੀ ਹਨ ਤਿਨਕੋ ਮੇਰੀ ਨਮਸ਼ਕਾਰ ਹੈ।

**ਸ੍ਵੈਯਾ ॥ ਧਨਵਾਨ ਖਿਮਾ ਧ੍ਰਿਤ ਜ੍ਵਾਂਨ ਤਪੀ ਸ੍ਰਿਤਿ ਮੌਨ ਕੁਵਾਕ ਨਿਜੈ ਜਸ ਤੇ । ਪਰਕਾਮ ਕਰੇ ਸਵੈ ਧਰੇ ਧਰਮਾ ਕਰ ਹੈ ਕਰੁਣਾ ਬ੍ਰਿਧ ਤੇ ਪਸੁ ਤੇ॥ ਪਰਖੇਦ ਸਹੇ ਨ ਸਹੇ ਪਰਖੇਦ ਯਥਾ ਸੁਖ ਮੋਦ ਅਘੌ ਤ੍ਰਸਤੇ॥ ਕਬਹੂੰ ਕਰਤੇ ਨ ਸਤੇ ਵਸਤੇਹਸਤੇ ਹਸਤੇ ਸਵਰਗੇ ਬਸਤੇ ॥੯॥**

ਧਨਵਾਨ ਖਿਮਾ ਕਰੇ ਤਾਂ ਸ੍ਰੇਸ਼ਟ ਹੈ ਸੂਰਮਾ ਧੀਰਜ ਧਾਰ ਹੋਵੇ ਤਪੀ ਮੋਨ ਧਾਰੇ ਖੋਟਾ ਵਾਕ ਨਾ ਕਹੇ ਅਤੇ ਆਪਣਾ ਜਸ ਨਾ ਸੁਨੇ ਪਰਾਯਾ ਕੰਮ ਕਰੇ ਸ੍ਵੈ ਧਰਮ ਕਰੇ ਸਭ ਬੁਢੇ ਅਤੇ ਪਸ਼ੂ ਤੇ ਦਯਾ ਕਰੇ ਪਰ ਦੁਖ ਦੇਖ ਨਾ ਸਹਾਰੇ ਉਸਦਾ ਦੁਖ ਹਟਾ ਉਹਨਾਂਨੂੰ ਆਪ

ਦੁਖ ਨਾ ਦੇਵੇ ਜੋ ਆਪਣੀ ਹਥੀਂ ਚੋਰੀ ਨਹੀਂ ਕਰਦਾ ਉਹ ਹਸਦਾ ੨ ਹੀ ਸਵਰਗ ਵਿਚ ਵਸਦਾ ਹੈ।

**ਦੋਹਰਾ॥ਦੋਇਸਵਯੇਦੋਹਰੇਪਾਂਚਕਬਿਤ ਸੁ ਏਕ॥ ਅਸ੍ਰਛੰਦ ਚਿਤਕਸਟ ਕੋ ਕਰ ਹੈ ਨਸਟ ਖਿਣੇਕ॥**

ਦੋ ਸ੍ਵੈਯੇ ਪੰਜ ਦੋਹਰੇ ਇਕ ਕਬਿੱਤ ਏਹ ਅਠ ਛੰਦ ਚਿਤ ਦੇ ਕਸ਼ਟ ਨੂੰ ਇਕ ਖਿਣ ਵਿਖੇ ਨਸ਼ਟ ਕਰ ਦੇਂਦੇ ਹਨ।

**ਇਤਿ ਸ੍ਰੀ ਸਾਰੁਕਤਾਵਲੀ ਤਾਸੁ ਚਤੁਰਥੋ ਧਯਾਇ॥ ਗਿਆਨ ਨਿਰੂਪਿਓ ਤਾਸ ਮੈਂ ਕਵਿ ਹਰਿਦਿਆਲ ਸੁਭਾਇ॥**

ਸਾਰਕੁਤਾਵਲੀ ਦਾ ਚੌਥਾ ਧਯਾਯ ਸਮਾਪਤ ਹੋਯਾ ਉਸ ਵਿਚ ਗਯਾਨ ਦਾ ਵਰਨਣ ਕੀਤਾ ਹੈ ਕਵੀ ਹਰਦਿਆਲ ਜੀ ਕੈਂਹਦੇ ਹਨ।

## ਅਥ ਪੰਜਵਾਂ ਅਧਿਆਇ

**ਦੋਹਰਾ॥ ਅਥ ਪੰਚਮ ਅਧਯਾਇ ਮੈਂ ਬਰ-ਨਨ ਕਰੈਂ ਵਿਚਾਰ॥ਖਸਟ ਛੰਦ ਚਿਤ ਚੰਦ ਜਨ ਸ੍ਰਤਿਧਰ ਸੁਨੋ ਉਦਾਰ॥**

ਪੰਜਵੇਂ ਅਧਯਾਯ ਵਿਖੇ ਵਿਚਾਰ ਵਰਨਣ ਕਰਦੇ ਹਾਂ ਜ਼ਿਸ ਦੇ ਛੇ ਚੰਦ ਦੇ ਚੰਦ ਵਾਂਕਰ ਅਤੇ ਕੌਲ ਫੁਲ ਵਾਂਙੂ ਖਿੜਾਉਣ ਵਾਲੇ ਹਨ ਬੁਧੀ ਜਨੋ ਧਿਆਨ ਦੇਕੇ ਸੁਣੋ।

**ਚੋਪਈ॥ ਗੌਰਵ ਪ੍ਰਾਪਤਿ ਦਾਨ ਕਰੇ ਧਨ॥ ਧਨ ਸੰਗ੍ਰਹਿ ਕਰ ਗੌਰਵ ਨਹ ਜਨ॥ਸਭਤੇਊਚੇ ਬਾਰਦ ਜੈਸੇ॥ ਬਾਰਧ ਅਧੇ ਭਏ ਪੁਨ ਤੈਸੇ॥੨॥**

ਵਡਿਆਈ ਕਰੌਣੀ ਹੈ ਤਾਂ ਦਾਨ ਕਰੋ ਧਨ ਇਕੱਠਾ ਕਰਕੇ ਦਾਨ ਨਾ ਕਰਨ ਤੋਂ ਪੁਰਸ਼ ਦੀ ਵਡਿਆਈ ਨਹੀਂ ਹੁੰਦੀ ਸਭ ਤੋਂ ਉਚੇ ਬਦਲ ਜਿਵੇਂ ਹਨ ਉਹ ਜਲ ਦਾ ਦਾਨ ਕਰਨ ਤੋਂ ਉਚਤਾ ਨੂੰ ਪਰਾਪਤ ਹੋ ਜਾਂਦੇ ਹਨ ਪਰ ਸਮੁੰਦਰ ਜੋ ਹੈ ਭਾਵੇਂ ਐਡਾ ਵੱਡਾ ਹੈ ਫੇਰ ਵੀ ਖਾਰਾ ਪਾਣੀ ਹੋਣ ਕਰਕੇ ਥਲੇ ਹੀ ਰਹਿੰਦਾ ਹੈ।

**ਸੋਰਠਾ॥ ਜਯੋਂ ਇਕ ਬਾਂਪੀ ਤੋਇ ਈਖ ਸੰਗ ਮਿਲੁ ਮਧੁਰ ਅਤਿ॥ ਕਟਤਾ ਨਿੰਮ ਸਮੋਇ ਭੋਜਨ ਪਾਤ੍ਰ ਕੁਪਾਤ੍ਰ ਤਿਉਂ॥ ੩॥**

ਜਿਵੇਂ ਖੂਹ ਦਾ ਜਲ ਕਮਾਦ ਨਾਲ ਮਿਲਣ ਤੋਂ ਮਿਠਾ ਹੁੰਦਾ ਹੈ ਨਿੰਮ ਦੇ ਨਾਲ ਮਿਲੇ ਤਾਂ ਕੌੜਾ ਹੋ ਜਾਂਦਾ ਹੈ ਏਸਤਰਾਂ ਦਾਨ ਭੀ ਅਧਕਾਰੀ ਅਨ ਅਧਕਾਰੀ ਵੇਖਕੇ ਦੇਣਾ ਚਾਹੀਦਾ ਹੈ।

**ਭੁਜੰਗ ਪ੍ਰਯਾਤ ਛੰਦ॥ ਫਲੀ ਭੂਤ ਦਾਨੰ ਸੁਭੰ ਪਾਤ੍ਰ ਦੈਯੇ॥ ਜਥਾ ਬੀਜ ਬੋਯੇ ਸੁਖੇਤ੍ਰੈ ਅਖੈਯੇ॥ ਕੁਪਾਤ੍ਰੈ ਮਝਾਰੀ ਦਯੇ ਦਾਨ ਐਸੇ॥ ਕੁਖੇਤ੍ਰੈ ਮਝਾਰੀ ਬੋਯੇ ਬੀਜ ਜੈਸੇ॥ ੪॥**

ਸ਼ੁਭ ਭਾਂਡੇ ਵਿਚ ਦਾਨ ਦੇਈਏ ਤਾਂ ਅਛਾ ਫਲ ਦੇਂਦਾ ਜੈਸੇਬੀਜ ਬੀਜੀਏ ਓਹਾ ਜੇਹਾ ਵੱਢੀ ਦਾ ਹੈ। ਕੁਪਾਤ੍ਰ = ਖੋਟੀ ਜਗਾ ਤੇ ਦਾਨ ਦੇਣਾ ਏਸਤਰਾਂ ਹੈ ਜਿਵੇਂ ਕਲਰੀ ਜਮੀਨ ਵਿਚ ਬੀਜ ਬੀਜਨਾਂ ਹੈ।

**ਛੰਦ॥ ਯੱਗਜ ਸੇਖ ਮੁਨਿ ਭੁਕਤਿ ਸੇਖ ਵਰ ਇਹ ਦੋਇ ਭੋਜਨ॥ ਪਾਪ ਤਯਾਗੈ ਜਵਨ ਵਹੀ ਹੈ ਬੁਧਿ ਮਾਨ ਜਨ॥ ਉਪਮਾ ਕਰਹਿ ਅਦ੍ਰਿਸ੍ਟ ਧ੍ਰਿਸਟ ਸੋ ਮਿਤ੍ਰ ਮਹਾਂਬੀਰ॥ਦੰਭ ਬਿਨਾਂਜੋਧਰਮ**

**ਧਰਮ ਵਹ ਕਹੈ ਮੁਨੀਸਰ ॥ਹਰਿ ਭਗਤ ਜਗਤ ਮੈਂ ਜਾਨ ਨਿਜ ਇਸ੍ਰ ਬਿਨਾਂ ਦ੍ਰਿਸਟੇ ਨ ਅਨ ॥ ਪੁਨ ਸਾਧ ਵਹੀ ਜਗ ਜਾਨੀਏ ਜਾਂਕੇ ਨਹੀਂ ਉਪਾਧ ਮਨ ॥**

ਯੱਗ ਤੋਂ ਬਚਿਆ ਭੋਜਨ ਅਤੇ ਸੰਤਾਂ ਦਾ ਬਚਿਆ ਭੋਜਨ ਏਹ ਦੋਵੇਂ ਸ੍ਰੇਸ਼ਟ ਭੋਜਨ ਹਨ ਜੋ ਪਾਪ ਤਿਆਗ ਦੇਵੇ ਓਹੀ ਹੀ ਬੁਧੀ ਮਾਨ ਪੁਰਸ਼ਹੈ ਕੰਡ ਪਿਛੇ ਜੋ ਉਪਮਾ ਕਰੇ ਉਹ ਮਿਤਰ ਹੈ ,ਦੰਭਬਿਨ ਜੋ ਧਰਮ ਹੈ ਉਹ ਹੀ ਸ੍ਰੇਸ਼ਟ ਹੈ ਮੁਨੀਜਨ ਕੈਂਹਦੇ ਹਨ ਵਾਹਿਗੁਰੂ ਦਾ ਭਗਤ ਉਹ ਹੈ ਜੋ ਆਪਣੇ ਇਸ਼ਟ ਤੋਂ ਬਿਨਾਂ ਹੋਰ ਕਿਸੇ ਵਲ ਨਾ ਦੇਖੇ ਸੰਤ ਜਨ ਜਗਤ ਦੇ ਵਿਚ ਉਹ ਹੈ ਜਿਸਦੇ ਮਨ ਵਿਚ ਉਪਾਧ ਨਹੀਂ ਹੈ।

**ਸਵਯਾ ॥ ਜਬਧਾਰ ਤ੍ਰਿਦੰਡ ਫਿਰੇ ਨਗਨਾ ਮੁਖ ਊਪਰ ਸੀਸ ਜਟਾਨ ਧਰੇ ॥ ਅਥਵਾ ਗਿਰ ਕੰਦਰ ਬੀਚ ਬਸੇ ਸਿਲਪੈ ਥਿਤ ਹੈ ਥਿਤ ਬ੍ਰਿਛ ਤਲੇ ॥ਤਤ ਬੇਦ ਪੁਰਾਨ ਸਿਧਾਂਤ ਪਢੇ ਉਪਵਾਸ ਧਰੇ ਤੀਰਥੋਂ ਵਿਚਰੇ ॥ ਮਨ ਮੈਂ ਜਬ ਭੋਗਨ ਕੀਰਤਿ ਹੈ ਤਬ ਏ ਸਬਕ੍ਰਿਤਰ ਨਾਹਿ ਕਰੇ॥੫॥**

ਬਾਹਰੋਂ ਜੋ ਤ੍ਰਿਦੰਡ ਧਾਰ ਨੰਗਾ ਰਹੇ ਅਤੇ ਅੰਦਰੋਂ ਬਗਲੇ ਭਗਤ ਦੀ ਨਿਆਈਂ ਰਹੇ ਅਥਵਾ ਪਹਾੜਾਂ ਦੀ ਕੰਦਰਾਂ ਵਿਚ ਵਸੇ ਜਾਂ ਪਹਾੜਾਂ ਤੇ ਬੈਠਾ ਰਹੇ ਬ੍ਰਿਛ ਥਲੇ ਖਲੋਤਾ ਰਹੇ । ਬੇਦ ਪੁਰਾਨ ਆਦਿਕ ਪੜੇ ਤੀਰਥਾਂ ਵਿਚ ਫਿਰੇ ਪਰੰਤੂ ਜੇ ਮਨ ਦੇ ਵਿਚ ਭੋਗਾਂ ਦੀ

ਇਛਾ ਹੈ ਤਾ ਇਹਨਾਂ ਵਿਚੋਂ ਇਕ ਵੀ ਨਾ ਕਰੇ।

**ਤੋਟਕ ਛੰਦ॥ ਨਿਜ ਮਾਤ ਜਿਵੇਂ ਪਰ ਨਾਰਿ ਭਜੇ॥ ਪਰ ਕੋ ਧਨ ਲੋਸਟ ਸਮਾਨ ਤਜੇ॥ ਸਭ ਜੀਵ ਸ੍ਵਯੰ ਸਮ ਦੇਖਤ ਜੋ॥ ਵਹਿ ਵੈਸਨਵ ਹੈ ਇਵ ਪੇਖਤ ਸੋ॥ ੬ ॥**

ਪਰਾਈ ਇਸਤਰੀ ਨੂੰ ਆਪਣੀ ਮਾਤਾ ਵਤ ਜਾਣੇ ਪਰਾਏ ਧਨ ਨੂੰ ਲੋਹਾ ਜਾਣਕੇ ਤਿਆਗ ਦੇਵੋ ਸਾਰੇ ਜੀਵਾਂ ਨੂੰ ਜੋ ਇਕੋ ਜੇਹਾ ਵੇਖਦਾ ਹੈ ਉਹ ਵੈਸ਼ਨਵ, ਵਿਸ਼ਨੂੰ ਦਾ ਭਗਤ ਹੈ।

**ਦੋਹਰਾ॥ਇਕਚੌਪਈ ਇਕ ਸੋਰਠਾ ਏਕ ਭੁਜੰਗ ਪ੍ਰਯਾਤ॥ਏਕਛਪਾਤੋਟਕਇਕੋਏਕ ਸਵੈਯਾ ਜਾਤ॥**

ਇਕ ਚੌਪਈ, ਇਕ ਸੋਰਠਾ ਇਕ ਭੁਜੰਗ ਪ੍ਰਯਾਤ ਛਪਾ ਇਕ ਤੋਟਕਾ ਅਤੇ ਇਕ ਸ੍ਵੈਯਾ ਲਿਖਿਆ ਹੈ।

**ਇਤਿ ਸ੍ਰੀ ਸਾਰੁਕਤਾਵਲੀ ਤਿਹ ਪੰਚਮ ਅਧਿਯਾਇ॥ ਤਾ ਮੈਂ ਕਹਯੋ ਵਿਚਾਰ ਸਭ ਕਵਿ ਹਰਿਦਯਾਲ ਸੁਭਾਇ॥ ੫ ॥**

ਸਾਰਕੁਤਾਵਲੀ ਦਾ ਪੰਜਵਾਂ ਧਯਾਯ ਸਮਾਪਤ ਹੋਇਆ ਜਿਸ ਵਿਚ ਹਰਦਿਆਲ ਜੀ ਨੇ ਵਿਚਾਰ ਸਬੰਧੀ ਕਿਹਾ ਹੈ।

## ਅਥ ਛੇਵਾਂ ਅਧਯਾਯ

**ਦੋਹਰਾ॥ ਚਤੁਰਾਗਤ ਗਤਿ ਨਰਨ ਕੀ ਕਹੇਂ ਛਿਵੈਂ ਅਧਯਾਇ॥ ਪਾਂਚ ਸਵੈਯੇ ਤਾਸ ਕੇ ਚਤੁਰਨ ਚਿਤ ਬਿਗਸਾਇ॥**

Sri Satguru Jagjit Singh Ji Elibrary NamdhariElibrary@gmail.com

ਨਰ ਦੀਆਂ ਚਾਰ ਪ੍ਰਕਾਰ ਦੀਆਂ ਗਤੀਆਂ ਅਤੇ ਅਗਤੀਆਂ ਛੇਵੇਂ ਅਧਯਾਯ ਵਿਚ ਲਿਖੀਆਂ ਹਨ। ਏਸਦੇ ਪੰਜ ਸ੍ਵੈਯੇ ਚਤੁਰ ਦੇ ਚਿਤ ਨੂੰ ਖਿੜਾਉਣ ਵਾਲੇ ਹਨ।

**ਸਵੈਯਾ॥ ਕਵਿਤਾ ਧਿਖਣਾ ਅਤਿ ਸੈ ਜਿਨ ਕੀ ਪੁਨ ਜਾਸ ਕਲੇਵਰ ਰੋਗ ਬਿਲਾਯੋ॥ਅਬਲਾ ਅਨ ਰਾਗ ਕਰੈ ਜਿਨ ਕੋ ਪੁਨ ਹਾਟਕ ਲਾਭ ਜਿਸੇ ਅਧਿਕਾਯੋ॥ ਸੁਪਨੇ ਕੇ ਮਝਾਰ ਸੁਚੇਤ ਰਹੈ ਪੁਨ ਸਾਜਨ ਮੈਂ ਅਤਿਸੈ ਜਸੁ ਛਾਯੋ॥ ੧ ॥**

ਕਵਿਤਾ ਵਾਲੀ ਬੁਧੀ ਜਿਨਾਂ ਦੀ ਤੇਜ਼ ਹੈ ਅਤੇ ਕੋਈ ਰੋਗ ਨਹੀਂ ਜਿਸਦੇ ਨਾਲ ਇਸਤ੍ਰੀਆਂ ਪਿਆਰ ਕਰਨ ਜਿਸਨੂੰ ਸੋਇਨਾਂ ਬਹੁਤ ਮਿਲਦਾ ਹੈ ਸੁਪਨੇ ਵਿਖੇ ਸੁਚੇਤ ਰਹੇ ਅਤੇ ਹੋਰ ਸਜਣਾਂ ਵਿਚ ਜਿਸਦਾ ਜਸ ਛਾਯਾ ਹੈ ਜਿਸ ਵਿਚ ਇਹ ਸਤ ਲਛਣ ਹਨ ਉਹ ਸਵਰਗ ਤੋਂ ਡਿਗਕੇ ਜ਼ਮੀਨ ਤੇ ਆਯਾ ਹੈ॥

**ਦਾਨ ਪ੍ਰਸੰਗ ਸਦੀਵ ਕਰੇ ਪਰਮਾਤਮ ਦੇਵ ਭਜੇ ਚਿਤੁਲਾਈ॥ ਜਾਸ ਗਿਰਾ ਮਧੁਰੀ ਅਤਿਸੈ ਨਿਤ ਸੇਵਤ ਜੋ ਧਰਮੀ ਨਰੁਤਾਈ॥ ਜਾ ਜਨਕੇ ਮਨ ਮੈਂ ਨਿਤ ਹੀ ਗੁਨ ਚਾਰ ਬਿਰਾਜਤ ਏ ਦੁਖ ਦਾਈ ॥ ਤੇ ਨਰ ਭੂਮਿ ਬਿਰਾਜਤ ਹੀ ਸੁਰਗੇ ਬਸ ਹੈਂ ਸਹਿਸੋ ਨਹਿ ਰਾਈ॥ ੨॥**

ਜੋ ਸਦੀਵ ਕਾਲ ਹੀ ਦਾਮ ਦਾ ਪਰਸੰਗ ਕਰੇ ਅਤੇਪ੍ਰਮਾਤਮਾਂ ਨੂੰ ਚਿਤ ਲਾਕੇ ਯਾਦ ਕਰੇ ਜਿਸਦੀ ਬਾਣੀ ਮਿੱਠੀ ਹੈ ਜੋ ਰੋਜ਼ ਧਰਮੀ ਪੁਰਸ਼ ਨੂੰ ਯਾਦ ਕਰਦਾ ਹੈ ਜਿਸ ਪੁਰਸ਼ ਵਿਚ ਏਹ ਚਾਰ ਗੁਣ ਹਨ

Sri Satguru Jagjit Singh Ji Elibrary NamdhariElibrary@gmail.com

ਉਹ ਪੁਰਸ਼ ਭੂਮੀ ਉਤੇ ਵਸਦਾ ਹੀ ਸਵਰਗ ਵਿਚ ਵਸਦਾ ਹੈ ਏਹਦੇ ਵਿਚ ਰਤੀ ਭਰ ਭੀ ਸ਼ਕ ਨਹੀਂ ਹੈ।

**ਲੋਭ ਕੀ ਅੰਸ ਨਹੀ ਜਿਸਕੇ ਨਿਤ ਦਾਨ ਦਯਾ ਮਦ ਪ੍ਰੀਤਿ ਲਗਾਵੈ ॥ ਆਨਨ ਜਾਸ ਪ੍ਰਸੰਨ ਸਦਾ ਪੁਨ ਕੋਮਲ ਜਾਸ ਸੁਭਾਵ ਲਖਾਵੈ॥ ਸੰਤ ਗੁਰੂ ਜਨਨੀ ਸਵਿਤਾ ਪਗ ਸੀਸ ਨਿਰੰਤਰ ਜੋਰ੍ਹ ਨਿਵਾਵੈ ॥ ਜਾ ਮਨ ਏ ਗੁਣ ਪਾਚ ਬਸੈਂ ਨਰ ਕਾ ਤਨ ਤ੍ਯਾਗ ਨਰੂ ਤਨ ਪਾਵੈ ॥ ੩ ॥**

ਲੋਭ ਦਾ ਜਿਸ ਵਿਚ ਅੰਗ ਨਹੀਂ ਜੇਹੜਾ ਦਾਨ ਦਇਆ ਵਿਚ ਪ੍ਰੀਤ ਰਖਦਾ ਹੈ ਜਿਸਦਾ ਮੁਖ ਸਦਾ ਖਿੜਿਆ ਰਹਿੰਦਾਹੈ ਅਤੇ ਸੁਭਾਵ ਜਿਸਦਾ ਕੋਮਲ ਜਾਣੀ ਦਾ ਹੈ ਸੰਤ ਗੁਰੂ ਮਾਤਾ ਪਿਤਾ ਦੇ ਚਰਨਾਂ ਤੇ ਜੋ ਨਿਤਹੀ ਸੀਸ ਨਿਵਾਂਦਾ ਹੈ ਜਿਸ ਵਿਚ ਏਹ ਪੰਜ ਗੁਣ ਹਨ ਉਹ ਮਨੁਸ਼ਾ ਦੇਹੀਨੂੰ ਛਡਕੇ ਦੇਵ ਲੋਕ ਵਿਚ ਜਾਂਦਾ ਹੈ।

**ਚਾਹਿ ਘਨੀ ਜਿਨਕੇ ਮਨ ਮੈ ਪੁਨ ਜੋ ਨਰ ਨੀਤ ਸੰਤੋਖ ਤੇ ਭਾਗਤਿ ॥ ਜੋ ਸੁਪਨੇ ਮਹਿ ਮੂੜ ਰਹੇ ਗੁਰੁ ਮਾਤ ਪਿਤਾ ਨਿਜ ਮਿਤ੍ਰਨ ਠਾਗਤ॥ ਜੋ ਨਰ ਆਲਸ ਵੰਤ ਰਹੈ ਪੁਨਿ ਜਾਸ ਸਦਾ ਖੁਧਿਆਦਿਕਲਾਗਤ ॥ ਏ ਖਟ ਲਖਨ ਜਾਸ ਵਿਖੇ ਵਹਿ ਟੇਢਨ ਜੋਨਨ ਤੇ ਨਰ ਆਗਤ ॥ ੪ ॥**

ਜਿਸਦੇ ਮਨ ਵਿਚ ਹਰ ਇਕ ਦੀ ਇਛਾ ਹੈ ਅਤੇ ਸਤ ਸੰਤੋਖ ਤੋ ਸਦਾ ਹੀ ਵਸਦਾ ਹੈ ਜੋ ਸੁਪਨੇ ਵਿਖੇ ਅਚੇਤ ਰਹਿੰਦਾ ਹੈ ਜੋ ਗੁਰੂ

ਮਾਤਾ ਪਿਤਾ ਅਤੇ ਆਪਣੇ ਆਪਦੀ ਲਗੀ ਹੈ ਇਨਾਂ ਛੇਆਂ ਔਗਣਾਂ ਵਾਲਾ ਟੇਢੀਆਂਜੋਨਾਂਵਿਚੋਂਆਇਆ ਤੇ ਉਨਾਂ ਵਿਚ ਹੀ ਫੇਰਜਾਵੇਗਾ।

**ਬਾਂਧਵ ਮਾਹਿ ਵਿਰੋਧ ਸਦਾ ਅਤਿ ਸੈ ਕਰਿ ਦੇਹ ਸਰੋਗ ਰਹੇ॥ ਮੂਰਖ ਜੰਤ ਕੁਸੰਗਤਿ ਹੈ ਅਤਿ ਕ੍ਰੋਧ ਸਭਾਵ ਸਦੀਵ ਅਹੇ ॥ ਜਾਸ ਸਦੀਵ ਗਿਰਾ ਕਟੁਕੀ ਇਹ ਪਾਂਚ ਕੁਲੱਖਣ ਜਾਸ ਗਹੇ॥ ਤੇ ਨਰ ਤ੍ਯਾਗ ਅਹੇ ਨਰਕਾ ਨਰ ਦੇਹ ਲਈ ਹਰਿਦ੍ਯਾਲ ਕਹੇ॥ ੫ ॥**

ਸਰਬੰਧੀਆਂ ਨਾਲ ਵਿਰੋਧ ਅਤੇ ਸਦਾ ਰੋਗ ਵਾਲਾ ਰਹੇ ਮੂਰਖਾਂ ਦੀ ਸੰਗਤ ਕਰਦਾ ਹੋਵੇ ਕਰੋਧੀ ਹੋਵੇ ਜਿਸਦੇ ਬਚਨ ਕੌੜੇਹੋਣ ਏਹ ਪੰਜ ਕੁਲਛਣ ਜਿਸ ਵਿਚ ਹਨ ਹਰਦਿਆਲ ਜੀ ਕੈਂਹਦੇ ਹਨ ਉਹ ਨਰਕ ਛਡਕੇ ਨਰ ਬਣਿਆਂ ਹੈ ਅਤੇ ਫੇਰ ਨਰਕੇ ਹੀ ਪਵੇਗਾ।

**ਦੋਹਰਾ॥ ਇਤਿ ਸ੍ਰੀ ਸਾਰੁਕਤਾਵਲੀ ਤਾਸ ਖਸਟਮੋ ਧ੍ਯਾਇ ॥ ਚਤੁਰਾਗਤ੍ਰ ਲੱਖਨ ਕਹੇ ਕਵਿ ਹਰਿਦ੍ਯਾਲ ਸੁਨਾਇ॥ ੬ ॥**

ਸਾਰਕੁਤਾਵਲੀ ਦਾ ਛੇਵਾਂ ਅਧ੍ਯਾਯ ਸਮਾਪਤ ਹੋਯਾ ਜਿਸ ਵਿਚ ਚਤਰਾਂ ਦੀ ਗਤੀ ਦੇ ਲਛਣ ਹਰਦਿਆਲ ਜੀਨੇ ਕੈਹ ਸੁਨਾਏ ਹਨ।

## ਅਥ ਸਪਤਮ ਅਧਿਆਇ

**ਦੋਹਰਾ॥ ਵਾਕ ਨਿਰੂਪਣ ਅਬ ਕਰੇ ਸਪਤਮ ਧ੍ਯਾਇ ਮਝਾਰ॥ ਛੰਦ ਰੁਦ ਮਤਿ ਛੂਦ੍ਰਕੋ ਕਰਤ**

**ਸਮੁਦ੍ਰ ਪ੍ਰਕਾਰ ॥**

ਸਤਵੇਂ ਧਯਾਯ ਵਿਖੇ ਵਾਕ ਬਾਣੀ ਦਾ ਵਰਨਣ ਕਰਾਂਗੇ ਏਸਦੇ ਯਾਰਾਂ ਛੰਦ ਹਨ ਘਟ ਬੁਧੀ ਵਾਲੇਨੂੰ ਸਮੁੰਦਰ ਸਮਾਨ ਕਰ ਦੇਣਗੇ।

**ਮੰਤ੍ਰ ਮਿਤ੍ਰ ਤਪ ਦਾਨ ਜਪ ਬਾਂਧਿਵਾਦਿਜੇਆਹਿ॥**
**ਜੇਨਰਪੀੜਤਕਾਲ ਕਰਕੇ ਰਖਯਕ ਨਹਿਤਾਹਿ॥**

ਮੰਤ੍ਰ ਜਾਣਦਾ ਹੋਵੇ ਮਿਤ੍ਰਾਂ ਵਾਲਾ ਹੋਵੇ ਜਪੀ ਤਪੀ ਦਾਨੀ ਹੋਵੇ ਪਰ ਜਦ ਮਨੁਸ਼ ਦੇ ਸਿਰਤੇ ਮੌਤ ਆ ਜਾਂਦੀ ਹੈ ਅਰਥਾਤ ਜਦ ਕਾਲ ਉਸਨੂੰ ਪੀੜਦਾ ਹੈ ਤਾਂ ਕੋਈ ਰਖਯਕ ਨਹੀਂ ਬਣ ਸਕਦਾ।

**ਸੁਖਕਰ ਬੰਧਤ ਕਰਮ ਮਹਿ ਤਿਹਦੁਸਤਰ ਫਲ ਹੋਇ॥ਹਸਤੀਧਾਰੇਗਰਭਕੋਤਜਤ ਰੁਦੰਤੀ ਸੋਇ॥**

ਜੀਵ ਸੁਖ ਦੇ ਕਾਰਨ ਕਰਮ ਕਰਦਾ ਹੈ ਪਰੰਤੂ ਤਿਸਦਾ ਫਲ ਖੋਟਾ ਹੁੰਦਾ ਹੈ ਜਿਵੇਂ ਕਿ ਇਸਤਰੀ ਹਸਦੀ ਹੋਈ ਗਰਭ ਨੂੰ ਧਾਰਦੀ ਹੈ ਪਰ ਪ੍ਰਸੂਤ ਦੇ ਸਮੇਂ ਪੀੜਾ ਦੇ ਹੋਣ ਤੋਂ ਰੋਂਦੀ ਹੈ।

**ਜੀਵਕਰਮ ਆਪੇ ਕਰੇ ਆਪੇਤਿਹ ਫਲ ਭੁਕਤਿ॥**
**ਆਪ ਰਮਤਸੰਸਾਰਮਹਿ ਆਪੇ ਤਿਹ ਤੇਮੁਕਤਿ॥**

ਜੀਵ ਆਪੇ ਹੀ ਕਰਮ ਕਰਦਾ ਹੈ ਅਤੇ ਆਪੇ ਹੀ ਤਿਸਦੇ ਫਲ ਭੁਗਤਦਾ ਹੈ ਖੋਟੇ ਕਰਮ ਕਰੇ ਤਾਂ ਜੂਨਾਂ ਵਿਚ ਭੌਂਦਾਹੈ ਜੇਭਜਨ ਕਰੇ ਤਾਂ ਮੁਕਤੀ ਨੂੰ ਪ੍ਰਾਪਤ ਕਰਦਾ ਹੈ।

**ਦੁਖਮੈਂ ਮਿਥਯਾ ਭਾਵਨਾ ਸੁਖਦ ਭਾਵਨਾ ਸਤ ॥**
**ਗਿਆਨਭਾਵਨਾ ਕਰਮ ਕਰ ਨਿਸਚੈ ਸਕਲ ਨ ਸਤ ॥** ਦੁਖ ਮੇਂ ਜੀਵ ਨੂੰ ਜਗਤ ਝੂਠਾ ਪ੍ਰਤੀਤ ਹੁੰਦਾ ਹੈ ਅਤੇ ਸੁਖ ਸਮੇਂ ਸਚ ਜਾਣਦਾ ਹੈ ਗਿਆਨ ਦੀ ਇਛਾ ਭਾਵਨਾ ਕਰਕੇ

ਕਰਮਕਰਦਾ ਹੈ ਨਿਸਚੇ ਕਰਕੇ ਜਾਣ ਲੌ ਕਿ ਸਭ ਸ੍ਰਿਸ਼ਟੀ ਝੂਠੀ ਹੈ।

**ਸੁਭਗੁਨ ਅਵਸਰ ਕੇ ਪੜੇ ਸੋਭਾ ਵੰਤ ਮਨਾਕ॥ ਗਮਨਕਾਲ ਬਾਮਾਂਗਜਯੋਮੰਗਲਗਰਧ ਪਵਾਕ॥**

ਬਾਲ ਉਮਰ ਸਮੇਂ ਵਿਦਿਆ ਦਾ ਗੁਣ ਸਿਖਣਾ ਚੰਗਾਹੁੰਦਾ ਹੈ ਭਾਵੇਂ ਥੋੜਾ ਹੀ ਹੋਵੇ ਜਿਸਤਰਾਂ ਕਿ ਕਿਧਰੇ ਜਾਣ ਲਗਿਆਂ ਖੋਤਾ ਜੇ ਖਬੇ ਪਾਸੇ ਹੀਂਗੇ ਤਾਂ ਚੰਗਾ ਹੁੰਦਾ ਹੈ।

**ਸਵੈਯਾ॥ ਜਬ ਭਾਨੁ ਉਦੈ ਦਿਸਪਸਚਮ ਹ੍ਵੈ ਪੁਨ ਮੇਰੁ ਚਲੈ ਅਤਿ ਸੈ ਜਬ ਹੀ॥ ਗਿਰ ਸ੍ਰਿੰਗ ਸਿਲਾ ਜਬ ਹ੍ਵੈ ਪਦਮਾ ਅਗਨੀ ਅਤਿ ਸੀਤਲ ਹ੍ਵੈ ਕਬਹੀ॥ਸਭਕੋ ਅਤਿਸਾਜਨ ਸੰਤਜਨਾਵਹਿ ਝੂਠ ਗਿਰਾ ਨ ਕਹੈਂ ਕਬਹੀ॥ਤਜਸਾਂਤਰਿਦੇ ਧਰ ਸੰਤ ਗਿਰਾ ਸੁ ਸਮਾ ਅਬ ਹੀ ਅਬ ਹੀ ਅਬ ਹੀ॥੬॥**

ਸੂਰਜ ਪਛਮ ਵੱਲ ਦਿਸੇ ਸੁਮੇਰ ਪਰਬਤ ਹਿਲਣ ਲੱਗਪਏ ਜੇ ਪਹਾੜ ਦੀ ਚੋਟੀ ਤੇ ਕੌਲ ਫੁਲ ਪੈਦਾ ਹੋ ਜਾਵੇ ਅਗ ਠੰਢੀ ਹੋ ਜਾਵੇ ਪਰ ਜੋ ਸੰਤ ਸਾਰਿਆਂ ਦੇ ਬਿਕੋ ਜੇਹੇ ਹਨ ਕਦੇ ਭੀ ਝੂਠ ਨਹੀਂ ਬੋਲਣਗੇ ਭਰਮਾਂ ਨੂੰ ਛਡੋ ਅਤੇ ਸੰਤਾਂ ਦੇ ਬਚਨਾਂ ਨੂੰ ਚਿਤ ਵਿਚ ਗ੍ਰਹਿਣ ਕਰ ਲੌ ਹੁਣੇ ਹੀ ਵੇਲਾ ਹੈ। ਵੇਲਾ ਹੈ। ਵੇਲਾ ਹੈ।

**ਤੋਟਕ ਛੰਦ॥ ਬੁਧਿ ਕੋ ਫਲ ਸਾਰ ਬਿਚਾਰ ਗਹੈ॥ ਤਨ ਕੋ ਫਲ ਸਾਰ ਬ੍ਰਤਾਦਿ ਗਹੈ॥ ਧਨ ਕੋ ਫਲ ਸਾਰ ਸੁ ਪਾਤ੍ਰ ਦਿਜੈ॥ਫਲ ਸਾਰਗਿਰਾ ਸਭ ਪ੍ਰੀਤ ਕਿਜੈ॥ ੭॥**

ਬੁਧੀ ਦਾ ਫਲ ਹੈ ਸੋਚਕੇ ਗਲ ਕਰੋ ਸਰੀਰ ਦਾ ਫਲ ਹੈ ਕਿ ਵਰਤ ਆਦਿਕ ਰਖੇ ਧਨ ਦਾ ਫਲ ਸੁਪਾਤ੍ਰ ਨੂੰ ਦਈਏ ਬਾਣੀ ਦਾ ਫਲ ਹੈ ਕਿ ਸਾਰਿਆਂ ਨਾਲ ਪ੍ਰੀਤ ਕਰੋ।

**ਦੋਹਰਾ॥ ਜੋ ਆਨਨ ਹੈ ਸਾਸਤ੍ਰ ਬਿਨ ਬਿਨ ਤੰਬੂਲ ਜੋ ਆਸ ॥ ਸੁਭ ਬਾਨੀ ਬਿਨ ਬਦਨ ਜੋ ਮੁਖ ਨਰੰਧ੍ਰ ਲਖ ਤਾਸ॥ ੮॥**

ਸ਼ਾਸਤ੍ਰ ਪੜਨ ਤੋਂ ਬਿਨਾ ਪਾਨ ਖਾਨ ਤੋਂ ਬਿਨਾ ਜੋ ਮੁਖ ਸ਼ੁਭ ਬਾਣੀ ਨਹੀਂ ਬੋਲਦਾ ਸੋ ਮੁਖ ਧਰਤੀ ਵਿਖੇ ਸੱਪ ਦੀ ਖੁੱਡ ਦੀ ਨਿਆਈ ਹੈ। **ਸਵੈਯਾ॥ ਜੋ ਨਰ ਹੈ ਸਮਰਥ ਤਿਸੇ ਪ੍ਰਥ ਕਾਮ ਨਹੀਂ ਕੋਊ ਯਾ ਜਗ ਮਾਹੀਂ॥ਮਾਨੁਖ ਉਦਮਵੰਤ ਜੁ ਹੈ ਤਿਨਕੋ ਕਛੁ ਦੂਰਿਅਹੈ ਜਗ ਨਾਹੀਂ ॥ ਜੋ ਗੁਣ ਮਾਣ ਪ੍ਰਮਾਨ ਗਹੇ ਪਰਦੇਸ ਤਿਸੇ ਕੁਛ ਨਾਦਰਸਾਹੀਂ ॥ ਜੋ ਮਧੁਰੋ ਸੁਭ ਵਾਕ ਭਨੇ ਸਭ ਮੀਤ ਤਿਸੈ ਜਨ ਕੋ ਨ ਦੁਖਾਹੀ॥ ੯॥**

ਜੋ ਪੁਰਸ਼ ਸਮਰਥ ਜੱਗ ਵਿਖੇ ਹੈ ਉਸਨੂੰ ਕੋਈ ਕੰਮ ਕਠਨ ਨਹੀਂ ਹੈ ਉਦਮੀ ਪੁਰਸ਼ ਨੂੰ ਕੋਈ ਦੇਸ ਦੂਰ ਨਹੀਂ ਹੈ।

ਗੁਣੀ ਪੁਰਸ਼ ਨੂੰ ਦੇਸ ਪਰਦੇਸ ਇਕੋ ਜਹੇ ਹਨ ਤਿਸਨੂੰ ਹੋਰ ਕੁਛ ਨਜਰ ਨਹੀਂ ਆਉਂਦਾ ਹੈ ਜੋ ਸੁਭ ਬਚਨ ਬੋਲੇ ਉਸਦੇ ਸਭ ਮਿਤਰ ਹਨ ਉਸਨੂੰ ਕੋਈ ਦੁਖ ਨਹੀਂ ਦੇ ਸਕਦਾ।

**ਦੋ:॥ਪ੍ਰਿਯਬਚਨਨਕੇਬੋਲਤੇ ਹੋਤ ਪ੍ਰਮੋਦ ਤ੍ਰਿਭੋਨ॥ ਤਾਂਤੇ ਪ੍ਰਿਯ ਬਾਨੀ ਭਨੇ ਯਾ ਮੈਂ ਕ੍ਰਿਪਣਤਾ ਕੌਣ॥**

ਮਿੱਠੇ ਅਤੇ ਪਿਆਰੇ ਬਚਨਾਂ ਦੇ ਬੋਲਣ ਤੋਂ ਤ੍ਰੈ ਲੋਕ ਵਿਚ ਖੁਸ਼ੀ ਹੁੰਦੀ ਹੈ ਤਾਂਤੇ ਮਿਠੀ ਬਾਣੀ ਬੋਲਣੀ ਚਾਹੀਦੀ ਹੈ ਏਸ ਵਿਚ ਕੀ ਸੂਮਤਾਈ ਹੈ ?

**ਚੌਪਈ॥ ਸੱਤ ਬਚਨ ਅਰ ਪਯਾਰੋ ਜੋਈ ॥ਬੁਧਿ ਮਾਨ ਜਨ ਭਾਖੇ ਸੋਈ॥ ਪ੍ਰਿਯ ਨ ਹ੍ਵੈ ਪੁਨ ਵਾਕ ਸੱਤ ਹੈ॥ ਕਹੈ ਨਾਹਿ ਸੋ ਸ਼ਬਦ ਮਤਿ ਹੈ॥ ੧੧॥**

ਸਚੀ ਅਤੇ ਪਿਆਰੀ ਗਲ ਹੋਵੇ ਅਜੇਹੀ ਗਲ ਕਰਨਵਾਲਾ ਬੁਧੀਮਾਨ ਪੁਰਸ਼ ਹੈ ਪਿਆਰੀ ਨਾ ਹੋਵੇ ਪਰ ਸੱਚੀ ਹੋਵੇ ਉਹ ਸ਼ਬਦ ਕਦੇ ਭੀ ਨਾ ਕਹੇ ਉਹ ਪੁਰਸ਼ ਭੀ ਬੁਧੀਮਾਨ ਹੈ ।

**ਲਾਗੇ ਮਧੁਰ ਝੂਠ ਹੈ ਵਾਂਕੋ॥ ਨਾਹਿ ਕਹੂੰ ਪ੍ਰਤਿ ਭਾਖੇ ਤਾਂਕੋ॥ ਏਹ ਸਨਾਤਨ ਧਰਮ ਸੰਤਨ ਕੋ ॥ ਇਨ ਅਨੁਗਾਮੀ ਯੋਗ ਜਨਨਕੋ ॥ ੧੨॥**

ਗਲ ਝੂਠੀ ਅਤੇ ਮਿਠੀ ਭੀ ਹੋਵੇ ਏਹ ਕਦੇ ਨਾ ਕਹੇ ਪੁਰਾਤਨ ਧਰਮ ਹੈ ਸੰਤਾਂ ਦਾ ਏਸ ਅਨੁਸਾਰ ਜਗ ਨੂੰ ਚਲਨਾਂ ਚਾਹੀਦਾ ਹੈ ।

**ਦੋਹਰਾ॥ਦੋਸਤਚੌਇਕਤੋਟਕਿਕਉਭੈਸਵਯੇਜਾਨ॥ ਬ੍ਰਿਤਇਕਾਦਸਬ੍ਰਿਤਕੀ ਮੈਲ ਨ ਬ੍ਰਿਤਿ ਨਿਦਾਨ॥**

ਸਤ ਦੋਹਰੇ ਇਕ ਚੌਪਈ ਇਕ ਤੋਟਕ ਦੋ ਸਵੈਯੇ ਜਾਨ ਲੌ ਬ੍ਰਿਤੀ ਦੀ ਮੈਲ ਨੂੰ ਯਾਰਾਂ ਛੰਦ ਹੀ ਦੂਰ ਕਰਦੇ ਹਨ ।

**ਇਤਿਸ੍ਰੀਸਾਰੁਕਤਾਵਲੀਤਾਸ ਸਪਤਮੋ ਧਯਾਇ॥ ਤਾਮੈਂਵਾਕਨਿਰੂਪਯੋਕਵਿਹਰਿਦਯਾਲਸੁਭਾਇ॥੭**

ਸਾਰੁਕਤਾਵਲੀ ਦਾ ਸਤਵਾਂ ਅਧਯਾਯ ਸਮਾਪਤ ਹੋਇਆ ਇਸ ਵਿਚ ਕਵੀ ਹਰਦਿਆਲ ਨੇ ਵਾਕ ਦਾ ਵਰਨਣ ਕੀਤਾ ਹੈ।

# ਅਬ ਅੱਠਵਾਂ ਅਧਿਆਇ

**ਦੋਹਰਾ॥ ਉੱਦਮ ਵਰਨੇ ਅਸਟਮੇ ਦ੍ਵਾਦਸ ਛੰਦ ਸਰੋਜ ॥ ਜਾਕੋ ਮਨ ਅਲਿ ਲੇਤ ਰਸ ਤਾਂਕੋ ਸਿੱਧ ਮਨੋਜ ॥ ੧॥**

ਅਠਵੇਂ ਧਿਆ ਵਿਖੇ ਉਦਮ ਵਰਨਣ ਕਰਾਂਗੇ ੧੨ ਛੰਦਾਂ ਦੁਆਰਾ ਜਿਸਦੇ ਮਨ ਨੇ ਭੌਰਾ ਰੂਪ ਹੋਕੇ ਰਸ ਲੈ ਲੈਣਾ ਹੈ ਉਹਨਾਂ ਦੇ ਸਭ ਕਾਜ ਸਿਧ ਹੋ ਜਾਣਗੇ।

**ਉਦਮ ਕਰਕੇ ਸ੍ਰੀ ਮਿਲੈ ਕੀਰਤਿ ਤ੍ਯਾਗੈ ਹੋਤ॥ ਬੁਧਿਕਰਮਅਨੁਸਾਰਹੈਵਿੱਦ੍ਯਾਭਿਆਸਉਦੋਤ।**

ਉਦਮ ਕਰਨ ਤੋਂ ਲਛਮੀ ਮਿਲਦੀ ਹੈ ਅਤੇ ਲਛਮੀ ਦੇ ਦਾਨ ਕਰਨ ਤੋਂ ਕੀਰਤ ਹੁੰਦੀ ਹੈ ਬੁਧੀ ਕਰਮਾਂ ਦੇ ਅਨੁਸਾਰ ਹੈ ਵਿਦਿਆ ਅਭਿਆਸ ਦੁਆਰਾ ਮਿਲਦੀ ਹੈ।

**ਉਦਮਕੰਡੂਕਲ੍ਹੈ ਮਦ ਜਆ ਪ੍ਰੀਤਿ ਅਹਾਰ॥ਭੋਗ ਨੀਂਦ ਨਵ ਸੇਵਤੇ ਵਧੈ ਪ੍ਰਲੈ ਜਿਉਂ ਵਾਰ॥ ੩ ॥**

ਉਦਮ, ਖੁਰਕ, ਕਲੇਸ਼, ਸ਼ਰਾਬ, ਜੂਆ, ਪ੍ਰੀਤੀ ਪਰੇਮ ਖਾਣਾ ਵਿਸ਼ੇ ਭੋਗ ਕਰਨਾਂ ਨੀਂਦ ਏਹ ਨੌਵੇਂ ਚੀਜਾਂ ਪ੍ਰਲੈ ਦੇ ਜਲ ਵਾਕਰ ਜਿੰਨੀਆਂ ਵਧਾਈਏ ਓਨੀਆਂ ਵਧਦੀਆਂ ਹਨ।

**ਉਦਮ ਉਤਮ ਮਿੱਤ੍ਰ ਵਤ ਭਯੋ ਸੁ ਸਤ ਸਮਾਨ॥ ਆਲਸਸਤ੍ਰੂਮਿਤ੍ਰਜਿਉਂਉਭੈਵਿਪਰਜੈ ਗ੍ਯਾਨ॥**

ਉਦਮ ਉਤਮ ਜੋ ਹੈ ਉਹ ਮਿਤ੍ਰਾਂ ਵਰਗਾ ਹੈ ਪਰੰਤੂ ਸ਼ਤ੍ਰੂ ਦੇ ਸਮਾਨ ਹੋਜਾਂਦਾ ਹੈ ਆਲਸ ਭਾਵੇਂ ਸ਼ਤਰੂ ਹੈ ਮਿਤਰਾਂ ਵਰਗਾ ਹੈ

ਕਿਉਂ ਜੋ ਚੋਰੀ ਕਰਨ ਲਗਿਆਂ ਭੀ ਉਦਮ ਕਰੀਦਾ ਹੈ ਤਾਂ ਮਾਰੇ ਜਾਈਦਾ ਹੈ ਏਹੋ ਜੇਹੇ ਉਦਮ ਵੇਲੇ ਆਲਸ ਕਰਨਾ ਏਹ ਸ਼ਤ੍ਰੂਜੋ ਹੈ ਉਹ ਭੀ ਮਿਤਰ ਬਣ ਜਾਂਦਾ ਹੈ ਦੋਵੇਂ ਉਲਟੇ ਗਿਆਨ ਹਨ।

**ਵਿਦਿਆਸੇਵਵਪਾਰਕ੍ਰਿਖ ਇਨਕਰ ਜਿਹ ਬ੍ਰਿਤ ਹੋਇ॥ਕ੍ਰਿਸਨ ਸਰਪ ਕੇ ਡੰਗਜਿਉਂ ਕਰਨ ਯੋਗ ਦ੍ਰਿੜ੍ਹ ਸੋਇ॥** ਵਿਦਯਾ ਸੰਤ ਸੇਵਾ ਵਪਾਰ ਕ੍ਰਿਸਾਨਾਂ ਕੰਮ ਏਹ ਜਿੰਨੀ ਛੇਤੀ ਹੋਵੇ ਕਰੋ ਜਿਵੇਂ ਕਾਲੇ ਸੱਪ ਦੇ ਡੰਗ ਦਾ ਛੇਤੀ ਅਲਾਜ ਨਾ ਕਰੀਏ ਤਾਂ ਮਰ ਜਾਈਦਾ ਹੈ ਏਵੇਂ ਹੀ ਏਹਨਾਂ ਦੀ ਜਾਨ ਲਓ।

**ਸੋਰਠਾ॥ਅਭਜਾਗਤਰੀਖਾਦਿਖੇਤੀ ਕਰ ਦਾਰਿਦ੍ਰ ਕੋ॥ਅਬਲਾਕੋ ਦਰਬਾਦਿ ਤਥਾ ਸਾਸਤ੍ਰਕਰ ਸਭਾ ਜਿਤ ॥** ਭਿਖਾਰੀ ਭਿਖਿਆ ਕਰਕੇ ਬ੍ਰਾਹਮਣ ਖੀਰ ਕਰਕੇ ਖੇਤੀ ਕਿਰਸਾਨ ਨੂੰ ਖੁਸ਼ ਕਰਦੀ ਹੈ ਔਰਤ ਨੂੰ ਧਨ, ਏਵੇਂ ਹੀ ਸ਼ਾਸਤ੍ਰ ਕਰਕੇ ਸਭਾ ਜਿਤੀ ਜਾਂਦੀ ਹੈ।

**ਜਾਗ੍ਰਤ ਹਤ ਹੈ ਤ੍ਰਾਸ ਦੁਰਭਿਖਨਾਸੈ ਸਸੀ ਕਰ। ਕਲੈਮੋਨ ਕਰ ਨਾਸਤਥਾ ਜਾਪਕਰਪਾਪਹਤ॥੭॥**

ਜਿਵੇਂ ਸੁਪਨੇ ਦਾ ਭੈ ਜਾਗਣ ਤੋਂ ਨਾਸ ਹੋ ਜਾਂਦਾ ਹੈ ਅੰਨ ਜ਼ਿਆਦਾ ਹੋਵੇ ਤਾਂ ਕਾਲ ਦੂਰ ਹੋ ਜਾਂਦਾ ਹੈ ਕਲਹਾ ਚੁਪ ਤੋਂ ਨਾਸ ਹੋ ਜਾਂਦਾ ਹੈ, ਏਵੇ ਹੀ ਪਾਪ ਕਰਨ ਤੋਂ ਪਾਪ ਦੂਰ ਹੋ ਜਾਂਦਾ ਹੈ।

**ਦੋਹਰਾ॥ ਦੇਵ ਚਿਤਵਨੀ ਧਾਰ ਕਰ ਉੱਦਮ ਤਯਾਗੈ ਨਾਂਹਿ ॥ਬਿਨ ਉੱਦਮ ਕਹੁ ਕੌਨਕੋ ਮਿਲੈ ਤੇਲ ਤਿਲ ਮਾਂਹਿ ॥ ੮॥**

ਵਾਹਿਗੁਰੂ ਦੀ ਇਛਾ ਨੂੰ ਮਨ ਵਿਚ ਧਾਰਕੇ ਕਦੇ ਭੀ ਉਦਮ ਨੂੰ ਨਾ ਛਡੇ ਬਿਨਾਂ ਉਦਮ ਦੇ ਦਸੋ ਖਾਂ ਕਿ ਤਿਲਾਂ ਤੋਂ ਤੇਲ ਕਿਸ ਤਰਾਂ ਮਿਲ ਸਕਦਾ ਹੈ।

**ਸ੍ਵੈਯਾ॥ ਸਭ ਹੀ ਕਰਮਾ ਕੇ ਅਰੰਭ ਵਿਖੇ ਬੁਧਿ ਮਾਨ ਸਦਾ ਫਲਕੋ ਸਿਮਰੇ॥ ਅਤੇ ਪ੍ਰਾਰਬਧਾਂਤ ਕਰੇਗਾਮਨੈਂ ਜਿਨਕੋ ਫਲ ਕ੍ਰੂਰ ਸੁ ਦੂਰਹਰੇ॥ਜਿਹ ਕਾਰਜ ਕੋ ਫਲ ਚਾਰੁ ਲਖੈ ਵਹਿ ਧਾਰ ਰਿਦੈ ਤਿਨਮੋਂ ਵਿਚਰੇ॥ ਸਭ ਕਾਜ ਕੇ ਆਦਿ ਵਿਚਾਰ ਭਲੋ ਪੁਰਖੋਤਮ ਲਛਣ ਏ ਉਚਰੇ॥ ੧੦॥**

ਸਭਨਾਂ ਕਰਮਾਂ ਦੇ ਅਰੰਭ ਵਿਖੇ ਸਦੀਵ ਕਾਲ ਬੁਧੀਮਾਨ ਫਲ ਨੂੰ ਵਿਚਾਰ ਲਵੇ ਆਦ ਤੋਂ ਲੈ ਅੰਤ ਤਕ ਜਿਸਦਾ ਫਲ ਭਿਆਨਕ ਹੋਵੇ ਉਸਤੋਂ ਦੂਰ ਹੋ ਜਾਵੇ ਜਿਸ ਕੰਮ ਦਾ ਸ੍ਰੇਸ਼ਟ ਫਲ ਹੋਵੇ ਉਹ ਕੰਮ ਕਰੇ ਸਾਰੇ ਕੰਮ ਦੇ ਆਦ ਵਿਚ ਵਿਚਾਰ ਭਲੀ ਹੈ ਉਤਮ ਪੁਰਸ਼ਾਂ ਦੇ ਲਛਣ ਏਹ ਹਨ।

**ਦੋ:॥ਪ੍ਰਥਮੈਕਰਮਵਿਪਾਕਕੋਸਿਮਰੇ ਹੋਤ ਪ੍ਰਮੋਦ॥ ਜਰਤਧਾਮਕੇਸਾਂਤ ਹਿਤਆਦਿਕੂਪਸੁਭ ਖੋਦ॥੯॥**

ਜੋ ਕੰਮ ਕਰੀਏ ਉਸ ਕੰਮ ਨੂੰ ਪੈਹਲੇ ਵਿਚਾਰਨਾ ਚਾਹੀਦਾ ਹੈ ਯਥਾ ਚੋਰੀ ਤੋਂ ਦੁਖ ਭਗਤੀ ਤੋਂ ਮੁਕਤ ਜੇਕਰ ਕਿਸੇ ਘਰਨੂੰ ਅੱਗ ਲਗ ਜਾਵੇ ਤਾਂ ਜੇਹੜਾ ਪੈਹਲਾ ਖੂਹ ਹੈ ਉਹ ਹੀ ਕੰਮ ਦਏਗਾ ਓਸੇ ਵੇਲੇ ਨਹੀਂ ਖੋਦਕੇ ਅੱਗ ਬੁਝ ਸਕਦੀ ਹੈ।

**ਧਨ ਆਪਿ ਇਕਤ੍ਰ ਕਰੇ ਜਨ ਜੇ ਨਿਜ ਬ੍ਰਿਤ ਨਮਿਤਹਿ ਉਤਮ ਤੇਈ॥ ਸਵਿਤਾ ਬਿਤ ਸੋ ਜੁ**

**ਕਰੇ ਬਿਤਆਪਨ ਮਧਮ ਮਾਨੁਖ ਯਾ ਜਗਸੇਈ॥ ਪੁਨ ਆਪਨ ਜੀਵਕਾ ਜੋ ਕਰਹੈਂ ਜਨਨੀ ਧਨਕੈ ਅਧਮੋਂ ਲਖ ਵੇਈ ॥ਭਵ ਮੈਂ ਅਧਮਾਧਮ ਤੇਨਰ ਹੈਂ ਧਨ ਯੋਖਤ ਸੋ ਤਨ ਪੋਖਤ ਜੇਈ॥ ੧੧॥**

ਆਪਣੇ ਗੁਜਾਰੇ ਵਾਸਤੇ ਜੋ ਆਪੇਹੀ ਧਨ ਕਮਾਂਦਾ ਹੈ ਉਹ ਪੁਰਸ਼ ਉਤਮ ਹੈ ਜੋ ਪਿਤਾ ਦੀ ਕਮਾਈ ਖਾਂਦਾ ਹੈ ਅਤੇ ਜੋ ਮਾਂ ਦੀ ਖਾਂਦਾ ਹੈ ਉਹ ਮਧਮ ਹੈ ਅਤੇ ਆਪਣੀ ਪਤਨੀ ਦੀ ਕਮਾਈ ਜੋ ਖਾਂਦਾ ਹੈ ਉਹ ਨੀਚਾਂ ਤੋਂ ਭੀ ਨੀਚ ਹੈ।

**ਨਰਾਜ ਛੰਦ ॥ ਤ੍ਰਿਕਾਲ ਦ੍ਰਵਯ ਦੁਖ ਮਯ ਉਪਾਇ ਰਖ ਅੰਤ ਮੈਂ ॥ ਨਿਦਾਨ ਹੈ ਵਿਰੋਧ ਕੋ ਸੁ ਮਾਤ ਤਾਤ ਜੰਤ ਮੈਂ ॥ ਕ੍ਰਿਤਾਂਤ ਧਾਮ ਕਾਮ ਕੋ ਅਲੰ ਕ੍ਰਿਤੀ ਸਮਸਟ ਹੈ॥ ਸੁਭਾ ਸੁਭੰ ਨਿਕੇਤ ਭੀ ਤਥਾਪਿ ਤ੍ਯਾਗਿ ਸ੍ਰੇਸਟ ਹੈ ॥ ੧੨ ॥**

ਮਾਇਆ ਤਿੰਨ ਤਰਾਂ ਦੁਖ ਦੇਂਦੀ ਹੈ ੧ ਖਟਨ ਵਿਚ ੨ ਹੋਵੇ ਤਾਂ ਰਾਖੀ ਕਰਨ ਵਿਚ ੩ ਜੇ ਕੋਈ ਚੋਰ ਆਵੇ ਤਾਂ ਸ੍ਵਾਸ ਨੂੰ ਹੀ ਮੁਕਾ ਜਾਵੇ ਏਹ ਮਾਤਾ ਪਿਤਾ ਜੀਆਂ ਵਿਖੇ ਮਾਯਾ ਸਭ ਵਿਰੋਧ ਦਾ ਘਰ ਹੈ ਕਾਮ ਵਰਗੀਆਂ ਚੀਜਾਂ ਏਸੇ ਤੋਂ ਹੀ ਮਗਰ ਲਗ ਜਾਂਦੀਆਂ ਹਨ ਚੂੰਕੇ ਏਹ ਮੰਦੇ ਕਰਮਾਂ ਦਾ ਘਰ ਹੈ ਏਸ ਲਈ ਏਹਨੂੰ ਤਿਆਗ ਦੇਣਾ ਹੀ ਅੱਛਾ ਹੈ।

**ਸੋਰਠਾ ॥ ਜੋਬਨ ਧਨ ਅਵਿਵੇਕ ਪ੍ਰਭੁਤਾ ਚਾਰੋਂ ਪਰਮ ਰਿਪੁ॥ ਦੇਤ ਅਨਰਥ ਇਕੇਕ**

**ਜਹਾਂ ਚਾਰ ਤਹਿ ਕਯਾ ਕਥਾ ॥ ੧੩॥**

ਜੋਬਨ, ਧਨ, ਅਗਯਾਨਤਾ, ਵਡਿਆਈ ਏਹ ਚਾਰੇ ਵਡੇ ਦੁਸ਼ਮਨ ਹਨ ਏਕ ਜਿਥੇ ਹੋਵੇ ਉਥੇ ਹੀ ਬੜਾ ਅਨਰਥ ਹੁੰਦਾ ਹੈ ਭਲਾ ਜੇ ਚਾਰ ਅਕੱਠੇ ਹੋ ਜਾਣ ਤਾਂ ਕੀ ਬਣੇ।

**ਦੋ:॥ਖਟ ਦੋਹੇ ਤ੍ਰੈ ਸੋਰਠੇ ਉਭੈ ਸਵਯੇ ਜਾਨ॥ਇਕ ਨਰਾਜ ਦ੍ਵਾਦਸ ਸਭੈ ਛੰਦਾ ਨੰਦ ਨਿਦਾਨ ॥ ੧੪॥**

ਛੇ ਦੋਹੇ ਤਿੰਨ ਸੋਰਠੇ ਦੋ ਸਵੈਯੇ ਇਕ ਨਰਾਜ ੧੨ ਸਾਰੇ ਛੰਦ ਹਨ।

**ਇਤਿ ਸ੍ਰੀ ਸਾਰੁਕਤਾਵਲੀ ਤਿਹ ਅਸਟਮ ਅਧਯਾਇ॥ ਤਾ ਮਹਿ ਉਦਮ ਵਰਨਯੋ ਕਵਿ ਹਰਿਦਯਾਲ ਬਨਾਇ ॥ ੮ ॥**

ਸਾਰੁਕਤਾਵਲੀ ਦਾ ਅਠਵਾਂ ਅਧਯਾ ਸਮਾਪਤ ਹੋਯਾ ਹਰਦਯਾਲ ਜੀ ਨੇ ਇਸ ਵਿਚ ਉਦਮ ਵਰਨਣ ਕੀਤਾ ਹੈ।

## ਅਥ ਨੌਵਾਂ ਅਧਯਾਯ

**ਦੋ:॥ਨੌਮੈ ਕਹੀ ਉਦਾਰਤਾ ਜਾਤੇ ਰਿਦਾ ਉਦਾਰ॥ ਧਨਨਿੰਦੈਬਿਨਦਾਨਜੋ ਸਾਤ ਸਲੋਕ ਉਚਾਰ॥੧॥**

ਨੌਵੇਂ ਧਯਾਇ ਵਿਖੇ ਉਦਾਰਤਾ ਦਾ ਵਰਨਣ ਹੈ ਜਿਨਾਂ ਦੇ ਹਿਰਦੇ ਸ਼ੁਭ ਹਨ ਧਨ ਦਾਨ ਤੋਂ ਬਿਨਾਂ ਜੋ ਹੈ ਉਸਦੀ ਨਿੰਦਿਆ ਕਰਨਗੇ ਸਤਾਂ ਸਲੋਕਾਂ ਦੁਆਰਾ।

**ਤੋਟਕਛੰਦ॥ ਸਰਤਾ ਨ ਅਚੇ ਅਪਨੇ ਜਲਕੋ॥ਨਾ ਕਦਾਪਿ ਭਖੇ ਬ੍ਰਿਖ ਸੈ ਫਲਕੌ॥ਸਸਿਕੋਨਹਿ ਅਭ੍ਰ ਕਬੀਭਖਹੈ॥ਧਨਤਿਉਪਰ ਹੇਤਬਛੇ ਰਖ ਹੈ॥੧॥**

ਨਦੀ ਅਪਨੇ ਜਲ ਨੂੰ ਨਹੀਂ ਪੀਂਦੀ ਬ੍ਰਿਖ ਆਪਣੇ ਫਲ ਨੂੰ ਨਹੀਂ ਖਾਂਦਾ ਖੇਤੀਆਂ ਨੂੰ ਬਦਲ ਨਹੀਂ ਖਾਂਦੇ।ਦੂਸਰੇ ਲਈ ਸ੍ਰੇਸ਼ਟ ਪੁਰਸ਼ ਧਨ ਰਖਦੇ ਹਨ।

**ਦੋ: ॥ ਧਨ ਕੇ ਭਾਗੀ ਚਾਰ ਹੈਂ ਧਰਮ ਚੋਰ ਨ੍ਰਿਪ ਆਗ॥ਕੋਪੈਂ ਤਾਂਪੈਂ ਭ੍ਰਾਤਤ੍ਰੈ ਕਰੈਂ ਜੁਜੇਸ੍ਰੈ ਤਯਾਗ॥**

ਧਨ ਦੇ ਚਾਰ ਭਾਗੀ ਹਨ ਧਰਮ, ਚੋਰ ਰਾਜਾ ਅਤੇ ਅੱਗ ਜੋ ਪੁਰਸ਼ ਧਨ ਧਰਮ ਤੇ ਨਹੀਂ ਖਰਚਦਾ ਉਸਨੂੰ ਰਾਜਾ ਅਤੇ ਅਗਨੀ ਦਬ ਲੈਂਦੇ ਹਨ ਅਰਥਾਤ ਅਗ ਸਾੜਦੀ ਹੈ ਰਾਜਾ ਡੰਡ ਲਾਕੇ ਖੋਂਹਦਾ ਹੈ ਚੋਰ ਖੋਹ ਲੈ ਜਾਂਦੇ ਹਨ।

**ਦੁਵੈਯਾ ਛੰਦ॥ਸਭ ਜਨ ਕਰਤ ਪਦਾਰਥਸੰਗ੍ਰਹਿ ਪੁਨ ਤਿਹਰਖਯਾ ਕਰਤ ਉਪਾਇ॥ਉਤਮਰਖਯਾ ਤਯਾਗ ਪਦਾਰਥ ਅਬ ਇਨ ਪਰ ਦ੍ਰਿਸਟਾਤ ਬਤਾਇ॥ਜਯੋ ਜਲ ਸਰਕੋ ਸੂਕੈ ਸਰਮੈਂਵਾ ਕ੍ਰਿਮ ਹ੍ਵੈ ਵਾ ਸ੍ਵਾਦਬਿਲਾਇ॥ਨਾਕ੍ਰਿਮਸੁਕੈਨ ਜਲ ਪਰ-ਵਾਹਕ ਸੁਭਗ ਸ੍ਵਾਦ ਤਯੋਂ ਅਰਥ ਸੁਭਾਇ॥ ੩॥**

ਸਾਰੇ ਪੁਰਸ਼ ਨੂੰ ਕੱਠਾ ਕਰਦੇ ਹਨ ਅਤੇ ਉਹਨਾਂ ਦੀ ਰਖਿਆ ਕਰਦੇ ਹਨ। ਉਤਮ ਰਖਿਆ ਏਹ ਹੈ ਜੋ ਏਸਨੂੰ ਦਾਨ ਕਰ ਦੇਣ ਏਸਦਾ ਦ੍ਰਿਸ਼ਟਾਂਤ ਲਿਖਦੇ ਹਾਂ ਜਿਵੇਂ ਤਲਾ ਸੁਕ ਜਾਏ ਤਾਂ ਕਈ ਕਿਰਮ ਆਦਿਕ ਪੈਂਦੇ ਰਨ ਪਰੰਤੂ ਜੇ ਵਗਦਾ ਰਹੇ ਤੀ ਕਦੀ ਨਹੀਂ ਪੈਂਦੇ ਏਸੇ ਤਰਾਂ ਜੇ ਦਾਨ ਕਰੀ ਜਾਈਏ ਤਾਂ ਉਕਤ ਦਸੇ ਹੋਏ ਵੈਰੀਆਂ ਤੋਂ ਬਚੇ ਰਹੀਦਾ ਹੈ।

**ਦੋ:।ਧਨਸੰਗ੍ਰਹਿਤੇਦਾਨਧਨਸੌਗੁਣਅਧਿਕਪਛਾਨ**

Sri Satguru Jagjit Singh Ji Elibrary NamdhariElibrary@gmail.com

**ਬਿਨਾਦਾਨਜੋ ਦਰਬ ਹੈ ਸੋ ਬਨ ਸੁਮਨ ਸਮਾਨ॥**

ਧਨ ਅਕੱਠਾ ਕਰਨ ਤੋਂ ਦਾਨ ਦੇ ਦੇਣਾ ਸੌ ਗੁਣਾਂ ਚੰਗਾ ਹੈ ਬਨ ਦੇ ਫਲ ਜਿਵੇਂ ਵਿਅਰਥ ਹਨ ਤਿਵੇਂ ਉਹ ਭੀ ਧਨ ਦਾਨ ਤੋਂਵਿਅਰਥਹੈ।

**ਜਵਾਨ ਜਤੇਂਦ੍ਰਯ ਜਪ ਤਪੀ ਮ੍ਰਿਦੁ ਵਿਦ-ਵਾਨ ਉਦਾਰ॥ ਦੀਨ ਮਾਨ ਨਹਿ ਨਵ ਗੁਣੀ ਹਰਿ ਬਪੁ ਤਾਸ ਜੁਹਾਰ॥ ੫॥**

ਜਵਾਨ ਹੋਕੇ ਇੰਦ੍ਰੀਆਂ ਨੂੰ ਜਿਤੇ ਜਪੀ ਤਪੀ ਰਿਧਵਾਨ ਬਣੇ ਭਲਾ ਪੁਰਸ਼ ਹੋਵੇ ਗਰੀਬ ਰਹੇ ਹੰਕਾਰੀ ਨਾ ਹੋਵੇ ਉਸ ਨੌ ਗੁਣੀ ਨੂੰ ਜੋ ਅਕਾਲ ਪੁਰਖ ਦਾ ਰੂਪ ਹੈਨ ਮੇਰੀ ਨਮਸ਼ਕਾਰ ਹੈ।

**ਸਵੈਯਾ॥ਸਿੰਧੁ ਅਗਾਧ ਅਹੇ ਲਵਣੋਦਿਕਤਦਪਿ ਕਯਾ ਕਹੂੰ ਪਯਾਸ ਨ ਟਾਰੇ॥ਜਾਨੁਪ੍ਰਮਾਨਜੁਵਾਰ ਸੁਚਾਰ ਤ੍ਰਿਖਾ ਨਰਨਾਰਿ ਮ੍ਰਿਗਾਦਿ ਕੀਹਾਰੇ॥ ਨੈਕ ਧਨਾਢਿ ਤਥਾਪਿ ਬਡੋ ਅਰਥੀ ਬਯਰਥੇ ਜਹਿ ਜਾਤ ਨ ਦ੍ਵਾਰੇ॥ ਜਾ ਧਨ ਰਾਸ ਨਿਰਾਸਕ ਭਿਛਕ ਸੋ ਧਨ ਕਯਾ ਚੁਵਤੀ ਛਤ ਧਾਰੇ॥ ੬॥**

ਸਮੁੰਦਰ ਕਿਸੇ ਕੰਮ ਨਹੀਂ ਹੈ ਕਿਉਂ ਉਹ ਰਤਨਾਂ ਦੀ ਖਾਣ ਵਾਲਾ ਵੀ ਹੈ ਚੂੰਕਿ ਓਹ ਕਿਸੇ ਮੁਸਾਫਰਦੀ ਪਿਆਸ ਨਹੀਂ'ਲਾਹੁੰਦਾ ਪਰੰਤੂ ਗੋਡਿਆਂ ਤਕ ਵੈਹਣ ਵਾਲਾ ਜਲ ਸ੍ਰੇਸ਼ਟ ਹੈ ਜੋ ਕਿਸੇ ਆਏ ਰਾਹੀ ਪਾਂਧੀ ਦੀ ਤ੍ਰੇਹ ਲਾਹ ਦੇਂਦਾ ਹੈ। ਏਸੇ ਤਰਾਂ ਹੀ ਥੋੜੇ ਧਨ ਵਾਲਾ ਬਹੁਤੇ ਧਨਵਾਲੇ ਕੋਲੋਂ ਚੰਗਾ ਹੈ ਕਿਉਂ ਜੋ ਥੋੜੇ ਧਨ ਵਾਲੇ ਦੇ ਦਰਵਾਜੇ ਤੋਂ ਅਨਾਥ ਖਾਲੀ ਨਹੀਂ ਜਾਂਦੇ। ਪਰ ਜੋ ਬਹੁਤੇ ਧਨ ਵਾਲਾ ਸਮੁੰਦਰ ਦੀ ਨਿਆਈਂ ਹੈ ਉਸ ਕੋਲੋਂ ਕਿਸੇ ਦਾ ਭਲਾ ਨਹੀਂ

ਕੀ ਉਸਨੂੰ ਚੋਂਟੀ ਛਤ ਹੇਠਾਂ ਧਰਨਾ ਹੈ।

**ਹੈ ਸਰ ਸੋ ਸਿੰਧੁ ਤੇ ਸਰਸੇ ਰਤਨੋਦਿਕ ਖਾਨਨ ਭੀ ਸਭ ਭਾਵੈ॥ਪਯਾਸ ਸ੍ਰਮੀ ਪਥਕੀ ਜਨਕੇ ਸ੍ਰਮ ਨਾਸਨ ਮੋਂ ਸਮਰਥ ਦਸਾਵੈ॥ਸੋ ਸਰ ਜਯੋਂ ਧਨ ਨੈਕ ਧਨੀ ਜਿਹ ਦ੍ਵਾਰਹਿ ਤੇ ਸਭ ਕੋ ਵਰਸਾਵੈ ॥ ਸਿੰਧੁ ਧਨੀ ਕਹੂੰ ਦੈ ਨ ਕਨੀ ਕਿਧੋ ਪਕਬ੍ਰਨੀਪਰ ਪੀਸ ਕਿ ਲਾਵੈ ॥ ੭॥**

ਸ੍ਰੇਸ਼ਟ ਹੈ ਤਲਾਓ ਸਮੁੰਦਰ ਤੋਂ ਕਿਉਂ ਜੋ ਸਮੁੰਦਰ ਭਾਵੇਂ ਰਤਨਾਂ ਦੀ ਖਾਣ ਵਾਲਾ ਹੈ ਪਰੰਤੂ ਉਹ ਖਾਰਾ ਹੈ ਕਿਸੇਦੀ ਪਿਆਸ ਨਹੀਂ ਲਾਹੁੰਦਾ ਏਸੇ ਤਰਾਂ ਹੀ ਥੋੜੇ ਧਨ ਵਾਲਾ ਤਲਾਓ ਦੀ ਨਿਆਈਂ ਅਤੇ ਬਹੁਤੇ ਧਨ ਵਾਲਾ ਸਮੁੰਦਰ ਦੀ ਨਿਆਈਂ ਹੈ ਕਿਉਂ ਜੋ ਥੋੜੇ ਧਨ ਵਾਲੇ ਦੇ ਦਵਾਰੇ ਤੋਂ ਗਰੀਬ ਖਾਲੀ ਨਹੀਂ ਜਾਂਦੇ। ਪਰ ਓਸ ਸਮੁੰਧਰ ਵਤ ਦੇ ਦੁਆਰਿਓਂ ਸਭ ਖਾਲੀ ਜਾਂਦੇ ਹਨ ਉਹਨੂੰਕੀ ਫੋੜੇ ਤੇ ਰਗੜਕੇ ਲਾਉਣਾ ਹੈ।

**ਦੋਹਰਾ॥ਇਕਤ੍ਰੋਟਕਤ੍ਰੈ ਦੋਹਰੇਏਕ ਦੁਵੈਯਾ ਛੰਦ॥ ਉਭੇਸਵੈਯੇਧੀਰਜਨ ਸਤ ਸਲੋਕ ਚਿਤ ਚੰਦ॥੮॥**

ਇਕ ਤ੍ਰੋਟਕਾ ਤ੍ਰੈ ਦੋਹਾ ਇਕ ਦੁਵੈਯਾ ਛੰਦ ਦੋ ਸਵਯੇ ਸਤ ਸਲੋਕ ਚਿਤ ਨੂੰ ਚੰਦ ਵਰਗਿਆਂ ਬਣਾ ਦੇਂਦੇ ਹਨ।

**ਇਤਿਸ੍ਰੀਸਾਰੁਕਤਾਵਲੀ ਤ੍ਰਿਹ ਨੌਮੇ ਅਧਯਾਇ॥ ਉਤਮਕਹੀਉਦਾਰਤਾਕਵਿਹਰਿਦਯਾਲਸੁਭਾਇ॥**

ਕਵੀ ਹਰ ਦਿਆਲ ਜੀ ਨੇ ਨੌਵੇਂ ਅਧਯਾਇ ਵਿਚ ਬੜੀ ਸੋਹਣੀ

Sri Satguru Jagjit Singh Ji Elibrary NamdhariElibrary@gmail.com

ਤਰਾਂ ਦਾ ਲਿਖਿਆ ਹੈ ਸਾਰਕੁਤਾਵਲੀ ਦਾ ਨੌਵਾਂ ਧਯਾਇਸਮਾਪਤ।

## ਅਬ ਦਸਵਾਂ ਅਧਯਾਯ

**ਦੋ:॥ਦਸਮੇਂਦ੍ਵਾਦਸਛੰਦਕਰਕ੍ਰੋਧਾਦਿਕ ਵਖਯਾਨ॥ ਹਾਨਕਰੇਅਰਿਜਾਨਕੈ ਮਾਨ ਕਰੈਦੁਖਖਾਨ॥੧॥**

ਦਸਮੇਂਧਯਾਇਵਿਖੇ ੧੨ ਛੰਦ ਕਰਕੇਕ੍ਰੋਧਦਾ ਵਰਨਣ ਕੀਤਾਹੈਏਸ ਦਾ ਨਾਸ਼ ਕਰੇ ਦੁਸ਼ਮਨ ਬਣਕੇ।ਜੇ ਮਾਨ ਕਰੇ ਤਾਂ ਦੁਖਾਂ ਦੀ ਖਾਨ ਹੈ।

**ਮਧੁਭਾਰ ਛੰਦ॥ਪਹਿਰੇ ਕੁਚੈਲ ॥ ਧ੍ਰਿਤ ਦੰਤ ਮੈਲ ॥ ਤ੍ਰਪਤਾਨ ਪ੍ਰੀਤ ॥ ਮਧੁਰੇ ਨ ਗੀਤ ॥੧॥**

ਜੋ ਮੈਲੇ ਬਸਤ੍ਰ ਪੈਹਨ ਦਾ ਹੈ ਦੰਦਾਂ ਦੇ ਉਤੇ ਮੈਲ ਰਖਦਾ ਹੈ ਦਾਤਨ ਨਾਲ ਪ੍ਰੀਤ ਨਹੀਂ ਕਰਦਾ ਬਚਨ ਭੀ ਮਿਠੇ ਨਹੀਂ ਬੋਲਦਾ।

**ਰਵਿ ਅੰਤ ਭੋਰ ॥ ਜਿਹ ਨੀਂਦ ਘੋਰ ॥ ਜਬ ਲਛ ਕੰਤ ॥ ਤਿਹ ਸ੍ਰੀ ਤਜੰਤ ॥ ੨ ॥**

ਸੂਰਜ ਦੇ ਅਸਤ ਹੋਣ ਤੋਂ ਪੈਹਲਾਂ ਜੋ ਸੌਂਦਾ ਹੈ ਜਿਸਨੂੰ ਬਹੁਤ ਨੀਂਦ ਆਵੇ ਭਾਵੇਂ ਲਛਮੀ ਦਾ ਪਤੀ ਭੀ ਹੋਵੇ ਉਸਨੂੰ ਸ੍ਰੀ (ਲੱਛਮੀ) ਤਿਆਗ ਜਾਂਦੀ ਹੈ।

**ਤਿਲਕਾ ਛੰਦ ॥ ਪਰ ਅੰਨ ਹਰੇ ॥ ਪਰ ਧੰਨ ਚੁਰੇ॥ਪਰ ਸੇਜ ਰਮੇਂ॥ਗੁਰਨਾਰਿਗਮੇਂ॥੩॥**

ਪਰ ਅੰਨ ਖਾਵੇ ਪਰਾਯਾ ਧਨ ਚੁਰਾਵੇ, ਪਰਾਈ ਸੇਜ ਤੇ ਸੌਂਵੇਂ ਗੁਰੂ ਦੀ ਵਹੁਟੀ ਨਾਲ ਭੋਗ ਕਰੇ।

**ਪਰਧਾਮ ਬਸੇ॥ਪੁੰਨਦਾਨ ਨ ਸੇਂ॥ਯਦਇੰਦ੍ਰਅਹੇ॥ ਤਿਹ ਸ੍ਰੀ ਨ ਰਹੇ॥ ੪ ॥**

ਪਰਾਏ ਧਾਮ ਵਿਖੇ ਰਹੇ ਪੁੰਨ ਦਾਨ ਨ ਕਰੇ ਭਾਵੇਂ ਇੰਦਰ ਹੋਵੇ ਉਹਦੇ ਕੋਲ ਲਛਮੀ ਨਹੀਂ ਰੈਂਹਦੀ।

**ਤੋਟਕਛੰਦ॥ਖੁਧਯਾ ਸਮ ਨਾ ਤਨ ਦੋਖ ਅਹੈ॥ਨਹਿ ਚਿੰਤਸਮਾ ਤਨ ਸੋਖਕਹੈ॥ਜਨਭੂਖਨਨਹਿ ਵਿਦਯਾ ਕੇ ਸਮਾ॥ਨਹਿਰਖਯਕ ਕਾਇ ਸਮਾਨ ਖਿਮਾਂ॥੫॥**

ਭੁਖ ਵਰਗਾ ਸਰੀਰ ਨੂੰ ਕੋਈ ਦੁਖ ਨਹੀਂ ਹੈ ਸਰੀਰ ਨੂੰ ਚਿੰਤਾ ਵਰਗੀ ਸੁਕਾਉਣ ਵਾਲੀ ਕੋਈਚੀਜ ਨਹੀਂ ਵਿਦਿਆ ਵਰਗਾ ਕੋਈ ਗੈਹਣਾ ਨਹੀਂ ਦਯਾ ਵਰਗਾ ਕੋਈ ਰਖਸ਼ਕ ਨਹੀਂ

**ਖੁਧਿਆ ਕਰ ਆਤੁਰ ਜੋ ਨਰ ਹੈ॥ਬੁਧਿ ਕ੍ਰਾਂਤਿ ਉਭੈ ਤਿਨਕੀ ਨ ਰਹੈ॥ ਅਤਿ ਆਤਰ ਚਿੰਤਹਿ ਤੇ ਜੁ ਨਰਾ ਸੁਖਨੀਂਦਉਭੈ ਤਿਨਕੋ ਨ ਜਰਾ॥੬॥**

ਭੁਖ ਕਰਕੇ ਜੋ ਆਤਰ ਹੈ ਤਿਸਦੀ ਬੁਧੀ ਅਤੇ ਤੇਜ ਦੋਵੇਂ ਨਹੀਂ ਰਹਿੰਦੇ ਚਿੰਤਾ ਤੋਂ ਜੋ ਨਰ ਬਹੁਤ (ਦੁਖੀ) ਹੈ ਉਸਨੂੰ ਸੁਖ ਤੇ ਨੀਂਦ ਜ਼ਰਾ ਭੀ ਨਹੀਂ ਹੈ।

**ਮਨੁਜਾਤਰ ਜੇ ਨਰ ਆਹਿ ਸਹੀ॥ ਤਿਨਕੋ ਨਹਿ ਤ੍ਰਾਸ ਨ ਲਾਜ ਕਹੀ॥ਦਰਬਾਤੁਰ ਜੇਜਨ ਆਹਿ ਘਨਾ॥ਤਿਨਕੋ ਗੁਰ ਸਾਕ ਨ ਬੰਧੁ ਜਨਾ॥ ੭॥**

ਕਾਮ ਤੋਂ ਜੋ ਮਨੁਸ਼ ਆਤੁਰਹੈ ਉਸਨੂੰ ਕੋਈ ਲਾਜ ਨਹੀਂ ਹੈਧਨਕਰਕੇ ਜੋ ਪੁਰਸ਼ ਦੁਖੀਹੈ ਉਸਦਾ ਨਾਂ ਕੋਈ ਗੁਰੂ ਨਾ ਸਾਕ ਨਾਂ ਸਰਬੰਧੀ ਹੈ।

**ਸੋਰਠਾ॥ ਕ੍ਰੋਧ ਅਨਰਥ ਨ ਮੂਲ ਕ੍ਰੋਧਜਨਮ ਅਰ ਮਰਨ ਦੇ॥ ਕਰੋਧ ਧਰਮ ਨਿਰਮੂਲ ਤਾਂਤੇ**

## ਕਰੋਧ ਤਿਆਗ ਸੁਭ॥ ੯॥

ਕ੍ਰੋਧ ਘੋਰ ਪਾਪਾਂ ਦਾ ਮੂਲਹੈ ਕ੍ਰੋਧ ਮੌਤ ਅਤੇ ਜਨਮ ਦੇਂਦਾ ਹੈ। ਕ੍ਰੋਧ ਧਰਮਨੂੰ ਜੜ੍ਹਮੂਲ ਰਹਿਤ ਬਣਾ ਦੇਂਦਾਹੈ ਤਾਂਤੇ ਕਰੋਧ ਦਾ ਤਿਆਗ ਦੇਣਾ ਸ਼ੁਭ ਹੈ ਅਰਥਾਤ ਸ਼ੁਭ ਓਹ ਹੈ ਜੋ ਕਰੋਧ ਦਾ ਤਿਆਗ ਕਰੇ।

**ਦੋ:॥ਕਾਲਕੂਟਅਰੁਕਰੋਧਮੈਂਬਡੋ ਅੰਤਰੋ ਆਹਿ॥**
**ਕਰੋਧ ਨਿਜਾਸ੍ਰੈ ਕੋ ਦਹੈ ਵਿਖ ਨਹਿ ਸ੍ਵਾਸ੍ਰੈਦਾਹਿ॥**

ਕਾਲ ਕੂਟ (ਸੰਖੀਏ) ਅਤੇ ਕਰੋਧ ਵਿਚ ਬੜਾ ਫਰਕ ਏਹਹੈ ਕਰੋਧ ਉਸ ਭਾਂਡੇ ਨੂੰ ਸਾੜਦਾ ਹੈ ਜਿਸਦੇ ਵਿਚ ਹੋਵੇ ਅਤੇ ਸੰਖੀਆਂ ਉਸ ਭਾਂਡੇ ਨੂੰ ਨਹੀਂ ਸਾੜਦਾ।

**ਮਾਨ ਨਿੰਮ੍ਰਤਾ ਪ੍ਰੀਤ ਤ੍ਰੈ ਸੀਘ੍ਰ ਕਰੋਧ ਤੇਨਾਸ॥ਹੈ**
**ਪ੍ਰਤੀਤਹਤੁਕਪਟਕਰਸੁਭਗੁਣਲੋਭਪ੍ਰਨਾਸ॥੧੦**

ਮਾਨ, ਨਿੰਮ੍ਰਤਾ, ਪਰੇਮ ਤਿੰਨਾਂ ਨੂੰ ਕਰੋਧ ਛੇਤੀ ਹੀ ਨਾਸ ਕਰ ਦੇਂਦਾਹੈ ਨਿਸਚਾ ਛਲ ਕਰਨ ਤੋਂ ਨਾਸ ਹੋ ਜਾਂਦਾ ਹੈ ਅਤੇ ਸ਼ੁਭ ਗੁਣ ਲੋਭ ਕਰਨ ਤੋਂ ਨਾਸ ਹੋ ਜਾਂਦੇ ਹਨ।

**ਕਰੈ ਬਖੀਲੀ ਬਲੀ ਸੋਂ ਪਾਪ ਕਰਮਮੈਂਪਯਾਰ॥**
**ਤ੍ਰਿਯਪ੍ਰਤੀਤਿਸਾਜਨਕਲੈਮਿਰਤਦ੍ਵਾਰਇਹਚਾਰ॥**

ਬਲੀ ਦੀ ਨਿੰਦਿਆ ਕਰੇ ਅਤੇ ਪਾਪ ਵਿਖੇ ਪਿਆਰ ਕਰੇ ਤੇ ਇਸਤ੍ਰੀ ਤੇਭਰੋਸਾਕਰਨਾਅਤੇਸਜਨਾਂਨਾਲਕਲੇਸ਼ਏਹਚਾਰੇਮੌਤਦੇਦਰਵਾਜੇਹਨ।

**ਦੋ:॥ਕੋਇਕਮਿਤ੍ਰਨਕਹੂੰਕੋਕੋਇਕਰਿਪੁਕਹੂੰਨਾਹਿ**
**ਜੀਵਨਕੇ ਗੁਣ ਦੋਖ ਜੋ ਸਤ੍ਰੁ ਮਿਤਰ ਤੇ ਆਹਿ॥**

ਨਾ ਕੋਈ ਕਿਸੇ ਦਾ ਮਿਤਰ ਹੈ ਨਾਂ ਕੋਈ ਕਿਸੇ ਦਾ ਦੁਸ਼ਮਨ ਹੈ। ਗੁਣ ਜੀਵਾਂ ਦੇ ਮਿਤਰ ਅਤੇ ਔਗਣ ਵੈਰੀ ਹਨ।

**ਦੋ ਤਿਲਕੇ ਮਧੁਭਾਰ ਦੋ ਤ੍ਰੈ ਤੋਟਕ ਪਹਿਚਾਨ ॥**
**ਚਾਰਦੋਹਰੇ ਸੋਰਠਿਕਦ੍ਵਾਦਸਛੰਦ ਬਖਾਨ॥੧੩॥**

ਦੋ ਤਿਲਕੇ ਦੋ ਮਧੁਭਾਰ ਤਿੰਨ ਤੋਟਕੇ ਚਾਰ ਦੋਹਰੇ ਅਤੇ ਇਕ ਸੋਰਠਾ ਚੌਦਾਂ ਛੰਦ ਦਸੇ ਹਨ ।

**ਇਤਿ ਸ੍ਰੀ ਸਾਰੁਕਤਾਵਲੀਤਾਸਦਸਮਅਧ੍ਯਾਇ॥**
**ਕ੍ਰੋਧਾਦਿਕਤਾਮੈਂਕਹੇਮੋਖਨਮਿਤ ਵਿਹਾਇ॥੧੦॥**

ਸ੍ਰੀ ਸਾਰਕੁਤਾਵਲੀ ਦਾ ਦਸਵਾਂ ਅਧਿਆਇ ਸਮਾਪਤ ਹੋਇਆ ਤਿਸ ਵਿਚ ਕਰੋਧ ਆਦਿਕ ਕਿਹਾ ਹੈ ਮੋਖ ਦੇ ਲਈ ਚੰਗਾਹੈ

## ਅਬ ਯਾਰਵਾਂ ਅਧਿਆਇ

**ਏਕਾਦਸਅਧ੍ਯਾਇਮੈਸੰਤਨਕੀਪਰਸੰਸ॥ਦੁਰਜਨ ਕੀ ਨਿੰਦਾ ਕਰਹਿਂ ਕਹਿ ਸਲੋਕ ਖਟ ਬਿੰਸ ।**

ਯਾਰਵੇਂ ਅਧਿਆਇ ਵਿਖੇ ਸੰਤਾਂ ਦੀ ਉਸਤਤੀ ਅਤੇ ਦੁਰ-ਜਨਾਂ ਦੀ ਨਿੰਦਾ ਕਰਾਂਗਾ ਛੇ ਅਤੇ ਵੀਹ (ਛੱਬੀ) ਸ਼ਲੋਕਾਂ ਦੁਵਾਰਾ ।

**ਸਵੈਯਾ ॥ ਪਰ ਵਾਕ ਸਦੋਖ ਸੁਨੇ ਕਟੁ ਵਾਕ ਕਹੇ ਨ ਪਰੰਤੁ ਸਹੇ ॥ਅਪਨੇ ਗੁਣ ਔਗੁਣਤਯੋਂ ਪਰਕੇ ਚਹੁ ਮੋਂ ਦੋ ਕਹੈ ਦੋ ਕਬੀ ਨ ਕਹੇ ॥ਚਿਤ ਕੋ ਚਿਤ ਚੇਤਤ ਚਿੱਤ ਭਯੋ ਵਿਸ਼ਯੋਂ ਤੇ ਪਰੰਤੁ ਡਰੰਤ ਰਹੇ॥ ਸ੍ਰਵਣਾਦਿ ਜਨੈ ਸਭ ਬੰਧ ਹਨੈ ਸਮ ਧਾਮ ਬਨੈ ਪਰ ਕਾਤ ਚਹੇ॥**

ਕਿਸੇ ਦੇ ਬਚਨ ਦੁਖ ਵਾਲੇ ਸੁਣਕੇ ਨਿਰਦੋਖ ਕਹੇ ਅਤੇ

ਆਪ ਕੌੜੇ ਬਚਨ ਨਾਂ ਬੋਲੇ ਆਪਣੇ ਗੁਣ ਔਗੁਣ ਅਤੇ ਪਰਾਏ ਗੁਣ ਔਗੁਣ ਏਹਨਾਂ ਚੌਹਾਂ ਵਿਚੋਂ ਦੋ ਕਦੀ ਭੀ ਨਾਂ ਕਹੇ ਅਰਥਾਤ ਆਪਣੇ ਗੁਣ ਪਰਾਏ ਔਗੁਣ ਕਦੇ ਭੀ ਨਾਂ ਕਦੇ ਚਿਤ ਵਿਚ ਪਰਮੇਸ਼ਰ ਨੂੰ ਯਾਦ ਕਰੇ ਅਤੇ ਵਿਸ਼ਿਆਂ ਤੋਂ ਸਦਾ ਹੀ ਡਰਦਾ ਰਹੇ ਕੰਨਾਂ ਆਦਿਕਾਂ ਦੇ ਜੋ ਬੰਧਨ ਹਨ ਉਨਾਂ ਦਾ ਨਾਸ ਕਰੇ ਅਤੇ ਘਰ ਬਨ ਦੋਹਾਂਨੂੰਇਕੋ ਜਿਹਾ ਜਾਣੇ। **ਦੋਹਰਾ॥ ਵਰਤਮਾਨ ਭਾਵੀ ਵਿਪਤਿਸੰਤ ਸੇਵ ਤੇ ਨਾਸ॥ ਜਥੇ ਗੰਗੋਦਕ ਅਚਨ ਤੇ ਦੂਰ ਗਤਿ ਪਯਾਸ ਵਿਨਾਸ॥ ੨ ॥**

ਜੇਕਰ ਵਰਤਮਾਨ ਸਮੇਂ ਵਿਚ ਬਿਪਤਾ ਹੋਵੇ ਤਾਂ ਸੰਤਾਂ ਦੀ ਸੇਵਾ ਤੋਂ ਨਾਸ ਹੋਜਾਂਦੀ ਹੈ। ਜਿਵੇਂ ਗੰਗਾ ਦੇ ਜਲ ਪੀਣ ਤੋਂ ਖੋਟੀ ਬੁਧੀ ਨਰਕਾਂ ਦਾ ਵਾਸਾ ਅਤੇ ਪਿਆਸ ਏਹ ਸਭ ਦੂਰ ਹੋਜਾਂਦੇ ਹਨ। **ਸਵੈਯਾ॥ਸੰਤਕਰੈਂਨਹਿਵੈਰ ਕਹੂੰ ਸਭਕੈ ਹਿਤੁ ਮੈਂ ਵਰਤੈਂਅਤਿ ਹੀ॥ਤਾਂਤਨ ਕੋ ਜਬ ਦਾਹਤਕੋ ਵਹਿ ਤੱਦਪਿ ਦੇਤ ਸੁਖਾ ਮਿਤਹੀ॥ਜੈਸੇਕੁਠਾਰਕਟੈਤਰੁ ਚੰਦਨਗੰਧਤਿਸੈਮੁਖਦੇਵਤਹੀ॥ਹੇਤੁਇਹੀ ਸਭਬਾ ਤਮ ਹੇਰਤ ਤਾਂ ਪਦ ਕੰਜ ਨਮੋ ਨਿਤ ਹੀ॥ ੩ ॥**

ਸੰਤ ਕਿਸੇ ਨਾਲ ਵੈਰ ਨਹੀਂ ਕਰਦੇ ਸਾਰਿਆਂ ਨਾਲ ਹਿਤ ਪਿਆਰ ਰਖਦੇ ਹਨ ਉਨਾਂਦੇ ਤਨ ਨੂੰ ਭਾਵੇਂ ਕੋਈ ਸਤਾਵੇਹੀ ਉਸਦੇ ਨਾਲਭੀ ਮਿਤਰ ਵਤ ਸਨੇਹ ਕਰਦੇ ਹਨ ਜਿਵੇਂਕਿ ਬ੍ਰਿਛ ਨੂੰ ਕੁਹਾੜਾ ਵਢਦਾ ਹੈ ਪਰ ਕੁਹਾੜੇ ਦੇਮੂੰਹ ਨੂੰ ਚੰਦਨ ਸੁਗੰਧੀ ਹੀ ਦੇਂਦਾ ਹੈ। ਕਾਰਨ ਏਹੀ ਹੈ ਕਿ ਉਹ ਸਾਰਿਆਂ ਨੂੰ ਪਰਮੇਸ਼ਰ ਵਾਕੁਰ ਇਕ ਦ੍ਰਿਸ਼ਟੀ ਜਾਣਦੇ ਹਨ ਉਹਨਾਂ ਸੰਤਾਂ ਨੂੰ ਮੇਰੀ ਨਮਸ਼ਕਾਰ ਹੈ।

**ਦੋਹਰਾ॥ ਨਰੁਨਾ ਭਰਨ ਸਰੂਪ ਤਨ ਰੂਪਾ ਭਰਨ ਗੁਨਾਹਿ॥ ਗੁਨ ਕੋ ਭੂਖਨ ਗਯਾਨ ਨਿਜ ਗਿਆਨਾ ਭਰਨ ਖਿਮਾਹਿ॥ ੪॥**

ਮਨੁਸ਼ ਦਾ ਭੂਸ਼ਨ ਕੀ ਹੈ ਸੁੰਦਰ ਸਰੂਪ ਹੋਣਾ ਰੂਪ ਦਾ ਗੈਹਣਾ ਕੀ ਹੈ ਗੁਣ ਵਾਲਾ ਹੋਵੇ। ਗੁਣ ਦਾ ਭੂਸ਼ਨਕੀ ਹੈ ਗਿਆਨ, ਗਿਆਨ ਦਾ ਭੂਸ਼ਨ ਕੀ ਹੈ ਖਿਮਾਂ।

**ਦਰਪਨ ਮਾਰਜਨ ਮਾਨ ਜਯੋ ਨਿਰਮਲ ਹੋਵਤ ਸੋਇ ॥ ਤਥਾ ਗਯਾਨ ਅਭਯਾਸ ਕਰ ਵਿਮਲ ਮਨੀਖਾ ਹੋਇ॥ ੫॥**

ਜਿਵੇਂ ਸ਼ੀਸ਼ੇ ਨੂੰ ਸਵਾਹ ਨਾਲ ਮਲੀਏ ਤਾਂ ਸਾਫ ਹੋ ਜਾਂਦਾ ਹੈ ਏਸਤਰਾਂ ਗਿਆਨ ਦੇ ਅਭਿਆਸ ਤੋਂ ਬੁਧੀ ਨਿਰਮਲ ਹੁੰਦੀ ਹੈ।

**ਜਯੋਂ ਜਲ ਭੀਤਰ ਪਦਮ ਥਿਤ ਜਲ ਸਪ-ਰਸ ਨਹਿ ਤਾਹਿ ॥ ਗਯਾਨੀ ਸਬਦਾਦਿਕ ਵਿਖੈ ਭੋਗਤ ਪਰ ਨ ਲਿਪਾਹਿ ॥ ੬ ॥**

ਜਿਵੇਂ ਜਲ ਵਿਚ ਕੌਲ ਹੁੰਦਾ ਹੈ ਉਸਨੂੰ ਜਲ ਸਪਰਸ ਨਹੀਂ ਕਰ ਸਕਦਾ ਗਿਆਨੀ ਸ਼ਬਦ ਸਪਰਸ ਰੂਪ ਰਸ ਗੰਧ ਏਹਨਾਂ ਨੂੰ ਭੋਗਦਾ ਹੈ ਪਰ ਲਿਖਦਾ ਨਹੀਂ।

**ਦੋ:॥ ਘਰਸਨ ਛੇਦਨ ਦਹਿਨ ਮੈਂ ਕੰਚਨ ਦੂਖੈ ਨ ਐਸ॥ਗੁੰਜਨਸਮਤੋਲਨਹੁਤੇਹਾਟਕਦੁਖਹੈਜੈਸ॥੭**

ਘੜਤ ਮੋਰੀਆਂ ਕਰਨ ਤੇ ਸਾੜਨ ਤੋਂ ਕੰਚਨ ਅਜੇਹਾ ਦੁਖਦਾਨਹੀਂ ਜਿੰਨਾਂ ਕਾਲੇ ਮੂੰਹ ਵਾਲੀਆਂ ਰੱਤੀਆਂ ਦੇ ਨਾਲ ਤੋਲਣ ਤੋਂਦੁਖਦਾਹੈ

**ਤਨ ਦਾਹਨ ਛੇਦਨ ਵਿਖਤ ਨਹਿੰਅਸਦੂਖੈਂਸੰਤ॥**
**ਬਿਖੈ ਸੰਗ ਤੇ ਜਯੋਂ ਦੁਖੈਬਿਖੈ ਅਸੰਤਕਰੰਤ॥੯॥**

ਸੋਨੇ ਦੀ ਨਿਆਈਂ ਸੰਤ ਬਹੁਤਾ ਨਹੀਂ ਦੁਖਦੇ ਜਿੰਨਾਂ ਉਹ ਵਿਸ਼ੇਦੀ ਸੰਗਤ ਤੋਂ ਦੁਖਦੇ ਹਨ। ਕਿਉਂਕਿ ਵਿਸ਼ੇ ਸੰਤ ਨਹੀਂਰਹਿਣ ਦੇਂਦੇ।

**ਭ੍ਰਮਰ ਕੇਤਕੀਫੂਲ ਪਰ ਖੰਡਮਾਨ ਭੀਸੋਭ॥ਤਯੋਂ**
**ਗੁਣਕਰ ਜਿਹਚਿਤਢਪਯੋਤਿਹਨਦੋਖਕਰਖੋਭ॥**

ਜਿਵੇਂ ਭੌਰਾ ਕੇਤਕੀ ਫੁਲ ਕੰਡਿਆਂ ਵਾਲਾ ਹੈ ਫੇਰ ਓਥੇ ਹੀ ਸੋਭਦਾ ਹੈ ਤਿਵੇਂ ਗੁਣਾਂ ਕਰਕੇ ਕਿਸੇ ਦਾ ਚਿਤ ਢਕਿਆ ਪਿਆ ਹੈ ਤਿਸਨੂੰ ਦੋਖ ਦਾ ਖੋਭ ਨਹੀਂ ਹੈ।

**ਦੁਸਟਕ੍ਰਿਯਾਦਰਸੇਨਹੀਂਜੈਸੇਜਲਮਹਿੰਰੇਖ॥ਸੰਤ**
**ਕ੍ਰਿਯਾਅਤਿਅਲਪਭੀਸਿਲਾਰੇਖਜਯੋਂਦੇਖ॥੧੦**

ਦੁਸ਼ਟਾਂ ਦੀ ਕਿਰਿਆ ਨਜ਼ਰ ਨਹੀਂ ਆਉਂਦੀ ਕਿਉਂਜੋ ਉਹ ਸਦਾ ਏਵੇਂ ਹੀ ਕਰਦੇ ਹਨ ਜਿਵੇਂ ਜਲ ਵਿਖੇ ਰੇਖਾ ਹੈ ਏਵੇਂ ਹੀ ਉਹਨਾਂ ਦਾ ਮੰਦ ਕਰਮ ਹੈ ਸੰਤ ਦੀ ਕਿਰਿਆ ਓਸੇ ਵੇਲੇ ਨਜ਼ਰ ਆ ਜਾਂਦੀ ਹੈ ਜਿਉਂ ਪਥਰ ਤੇ ਲਕੀਰ ਨਜ਼ਰ ਆ ਜਾਂਦੀ ਹੈ।

**ਚੰਦਨਸੀਤਲਲੋਕਮੇਂਚੰਦਨਤੇਸਸਿ ਸੀਤ॥ਚੰਦ੍ਹ**
**ਚੰਦਨ ਜੁਗਲ ਤੇ ਸੀਤਲ ਸਤ ਸੰਗਨੀਤ ॥੧੧॥**

ਚੰਦਨ ਲੋਕਾਂ ਦੇ ਵਿਚ ਠੰਢਾ ਹੁੰਦਾ ਹੈ ਚੰਦਨ ਤੋਂ ਚੰਦ ਸੀਤਲ ਹੈ ਚੰਦਨ ਅਤੇ ਚੰਦ ਏਹਨਾਂ ਦੋਹਾਂ ਨਾਲੋਂ ਵਧਕੇ ਸਤ ਸੰਗ ਸੀਤਲ ਹੈ।

**ਏਕਪੁਤ੍ਰਗੁਣਵਾਨਸੁਭ ਸੌ ਸੁਤ ਅਗੁਣ ਅਕਾਮ॥**
**ਇਕਹੀਸਤਿਤਮਕੋਹਰੇਤਾਰੇਕੋਟਿਕਕਾਮ॥੧੨॥**

ਗੁਣ ਵਾਲਾ ਇਕ ਹੀ ਪੁਤਰ ਚੰਗਾ ਹੈ ਔਗੁਣ ਵਾਲੇ ਸੌ ਕਿਸੇ ਕੰਮ ਨਹੀਂ ਇਕ ਚੰਦਰਮਾ ਸਾਰੇ ਹਨੇਰੇ ਨੂੰ ਦੂਰ ਕਰਦਾ ਹੈ ਤਾਰੇ ਕਰੋੜਾਂ ਹੀ ਕਿਸੇ ਕੰਮ ਨਹੀਂ।

**ਅੰਮ੍ਰਿਤਰਸੁਵਿਦਵਾਨਕੋਜਾਨਤ ਇਕ ਵਿਦ੍ਵਾਨ॥**
**ਰੰਭਾਭੋਗਨਤੇਜੁਸੁਖਜਾਨੈ ਸਕ੍ਰ ਨ ਆਨ ॥ ੧੩॥**

ਵਿਦਿਆ ਦਾ ਜੋ ਰਸ ਹੈ ਉਹ ਵਿਦਵਾਨ ਹੀ ਜਾਣਦਾ ਹੈ ਅਪਛਰਾਂ ਦੇ ਭੋਗਨ ਦਾ ਸੁਖ ਇੰਦਰ ਹੀ ਜਾਣਦਾ ਹੈ।

**ਸਭ ਸਾਸਤ੍ਰ ਮੈਂਚਤੁਰਭੀ ਚਤੁਰਵੇਦਥਿਤਵਾਕ॥**
**ਆਤਮਗਜਾਨਨਜਾਨਯੋਂ ਜਯੋਂਦਰਬੀਰਸਪਾਕ।**

ਸਾਰਿਆਂ ਸ਼ਾਸਤ੍ਰਾਂ ਵਿਚ ਚਤਰ ਹੋਵੇ ਅਤੇ ਵੇਦ ਵਾਕਾਂ ਵਿਖੇ ਭੀ ਚਤੁਰ ਹੋਵੇ ਜਿਸ ਨੇ ਆਤਮ ਗਿਆਨ ਨਹੀਂ ਲਿਆ ਉਹ ਇਸ ਤਰਾਂ ਹੈ ਜਿਵੇਂ ਕੜਛੀ ਰਸ ਤੋਂ ਬਿਨਾ ਹੈ।

**ਦੋਹਰਾ ॥ ਗਿਰਿ ਗਿਰਿ ਮੈਂ ਮਾਨਕ ਨਹੀਂ ਗਜ ਗਜ ਮੋਤੀ ਨਾਂਹਿ ॥ ਚੰਦਨ ਤਰੁ ਬਨ ਬਨ ਨਹੀਂ ਸੰਤ ਨ ਪੁਰਿ ਪੁਰਿ ਮਾਂਹਿ ॥ ੧੫ ॥**

ਹਰ ਇਕ ਪਹਾੜ ਵਿਚ ਮਣੀ ਨਹੀਂ ਹੁੰਦੀ ਸਾਰਿਆਂ ਹਾਥੀਆਂ ਦੇ ਸਿਰ ਵਿਚ ਮੋਤੀ ਨਹੀਂ ਚੰਦਨ ਬਨ ਬਨ ਵਿਖੇ ਨਹੀਂ ਅਤੇ ਸੰਤ ਪਿੰਡ ਪਿੰਡ ਵਿਚ ਨਹੀਂ ਹਨ।

**ਨਿਰਮਲ ਮਤ ਮਾਨੀ ਪੁਰਖ ਦੁਇ ਫਲਕੀ ਇਛਧਾਰ ॥ ਸਰਬ ਸੰਗ ਨਿਰਬ੍ਰਿਤਤਾ ਵਾ ਵਾ ਬਿਭੂਤ ਵਿਸਥਾਰ॥ ੧੬ ॥**

Sri Satguru Jagjit Singh Ji Elibrary NamdhariElibrary@gmail.com

ਨਿਰਮਲ ਬੁਧੀ ਵਾਲਾ ਪੁਰਸ਼ ਦੋ ਫਲਾਂ ਦੀ ਇਛਾ ਧਾਰਦਾ ਹੈ(੧)ਸਾਰਿਆਂ ਦੀ ਸੰਗਤ ਤੋਂ ਦੂਰ ਹੋਣਾ ਅਤੇ ੨ ਧਨਦੀਬਹੁਲਤਾ।

**ਉਪਕਾਰੀਪਯਾਰੀਗਿਰਾਕਰੈ'ਅਕਿਰਤਮ ਪ੍ਰੀਤਿ**
**ਸੰਤਨਇਹੀਸੁਭਾਵ ਹੈ ਸਸਿ ਸੀਤਲਕਿਨ ਕੀਤ॥**

ਸੰਤ ਉਪਕਾਰ ਵਾਲੀ ਅਤੇ ਸ੍ਰੇਸ਼ਟ ਬਾਣੀ ਬੋਲਦੇਹਨ ਜੇਹੜਾ ਕੀਤੇ ਨੂੰ ਨਾ ਜਾਣੇ ਉਹਦੇ ਨਾਲ ਭੀ ਓਸੇ ਹੀ ਤਰਾਂ ਵਰਤਦੇ ਹਨ ਏਹ ਹੀ ਸੁਭਾਉ ਸੰਤਾਂਦਾ ਹੈ ਭਲਾ ਚੰਦਰਮਾਂ ਭੀ ਕਿਸੇਠੰਡਾ ਕੀਤਾਹੈ।

**ਸੋ ਤਰੁ ਕੋ ਇਕ ਕਹੂੰ ਹੈ ਜਿਹ ਕਰਿੰਦ ਆਸਿਛ॥**
**ਬਨਬਨਮੈਂਬਨਚਰਨ ਕੇ ਵਾਸਯੋਗ ਬਹੁ ਬ੍ਰਿਛ॥**

ਏਹੋ ਜਿਹਾ ਬ੍ਰਿਛ ਕੋਈ ਇਕ ਹੀ ਹੈ ਜਿਸਦੇ ਆਸਰੇ ਹੇਠਾਂ ਹਾਥੀ ਬੈਠੇ। ਬਾਦਰਾਂ ਵਾਸਤੇ ਬਹੁਤ ਬ੍ਰਿਛ ਹਨ।

**ਜੋ ਜਨਕੇ ਬੰਧਨ ਹਰੈ ਸੋ ਸਾਧੂ ਕਹੂੰ ਏਕ॥ਕਰਮ**
**ਕ੍ਰਿਯਾ ਜੋੜਨ ਵਿਖੇ ਜਨ ਸਮਰਥਅਨੇਕ॥੧੯॥**

ਜੇਹੜਾ ਜਨਮ ਮਰਨ ਦੇ ਬੰਧਨ ਕਟੇ ਉਹ ਕੋਈ ਇਕ ਸਾਧੂ ਹੈ ਵਰਤ ਆਦਿ ਕਰਮ ਦਸਣ ਵਾਲੇ ਤਾਂ ਬਹੁਤ ਹਨ।

**ਦ੍ਵਿਜਪ੍ਰਸੰਨ ਖੀਰਾਦਿ ਕਰ ਮੋਰ ਮੋਦ ਘਨ ਬੈਨ॥**
**ਸੰਤ ਸੁਖੀਪਰਹਿਤ ਵਿਖੇ ਸਠਪਰਬਿਪਤਾਚੈਨ॥**

ਬ੍ਰਾਹਮਣ ਖੀਰ ਤੇ ਪ੍ਰਸੰਨ ਹੁੰਦਾ ਹੈ ਮੋਰ ਬਦਲਾਂਨੂੰ ਵੇਖਕੇਸੰਤਪਰਾਏ ਹਿਤ ਵਿਖੇ ਅਤੇ ਮੂਰਖ ਪਰਾਈ ਬਿਪਤਾ ਦੇਖਕੇ ਖੁਸ਼ ਹੁੰਦੇ ਹਨ।

**ਅਰਥੀਪ੍ਰਸਨੀਜਗਤ ਮੈਂ ਸੁਲਭ ਅਗਾਰ ਅਗਾਰ**
**ਦਾਤਾਉਤਰਵੰਤਦ੍ਵੈਦੁਰਲਭ ਨਰ ਸੰਸਾਰ॥੨੧॥**

ਮੰਗਤਾ ਅਤੇ ਸੁਵਾਲੀ ਦੋ ਜਗਤ ਵਿਚ ਬਹੁਤ ਹਨ ਪਰ ਘਰੋਂ ਦਾਨ ਦੇਣ ਵਾਲੇ ਅਤੇ ਉਤਰ ਦੇਣਵਾਲੇ ਸੰਸਾਰ ਵਿਖੇ ਦੁਰਲਭ ਹੈਨ।

**ਸੁਗੁਣਦੋਖਪਰਜਾਚਨਾਅਰਥੀਵਜਰਥਭ ਜੰਤ॥**
**ਇਨ ਚਾਰੋਂ ਕੇ ਕਹਿਨ ਮੈਂ ਸੰਤਨ ਜੀਭ ਲਜੰਤ॥**

ਆਪਣੇ ਗੁਣ ਪਰਾਏ ਔਗੁਣ ਕਿਸੇ ਪਾਸੋਂ ਮੰਗਣਾ ਤੇ ਮੰਗ ਕੇ ਜੀਭ ਨੂੰ ਲਜਿਆ ਆਉਂਦੀ ਹੈ।

**ਸਵੈਯਾ॥ ਕਰਕੇ ਪਰਹਾਰ ਭਏ ਜਿਮ ਕੰਦੁਕਭੂਮ ਗਿਰੇ ਪੁਨ ਊਰਧ ਹੋਈ॥ ਬਿਤਔ ਬ੍ਰਿਤਿਉਤਮ ਸੰਤਨ ਕੀ ਪਰ ਹੋਵਹਿ ਨਾਸ ਜਬ ਵਹਿ ਦੋਈ॥ ਅਪਦਾ ਅਤਿ ਪ੍ਰਾਪਤਿ ਹੋਇ ਜਬੈ ਨਹਿ ਤੱਦਯਪ ਵਜਾਕਲ ਹੋਵਤ ਸੋਈ॥ਸਮ ਮੇਰ ਰਹੈਂ ਬਿਤਸੰਤ ਸਦਾਬਿਪਤਾ ਸਮ ਗੇਂਦ ਸਮਾਨ ਸੁ ਜੋਈ॥੨੩॥**

ਹਥਾਂ ਦੇ ਮਾਰਿਆਂ ਖਿਦੋ ਜਿਵੇਂ ਉਤਾਂਹ ਹਿਠਾਂਹ ਜਾਂਦਾ ਹੈ ਏਵੇਂ ਜੇ ਸੰਤਾਂ ਦੀ ਬ੍ਰਿਤੀ ਤੇ ਉਪਜੀਵਕਾ ਦੋਵੇਂ ਨਾਸ ਹੋ ਜਾਣ ਜੇ ਬੜੀ ਤਕਲੀਫ ਹੋਵੇ ਤਾਂ ਭੀ ਸੰਤ ਦੁਖੀ ਨਹੀਂ ਹੁੰਦੇ ਉਹ ਸਦਾ ਹੀ ਸੁਮੇਰਦੀ ਨਿਆਈਂ ਰੈਂਹਦੇ ਹਨ ਕਦੇ ਭੀ ਖਿਦੋ ਵਾਕੁਰਨਹੀਂ ਹੁੰਦੇ।

**ਦੋ:॥ਅਧਮਚਾਹਿਤੇਦਰਬਕੋਮਧਮਧਨਅਰਮਾਨ ਉਤਮ ਚਾਹੇਂਮਾਨਕੋਤਾਕੇਗੁਨ ਜਨ ਮਾਨ॥੨੪॥**

ਨੀਚ ਧਨ ਨੂੰ ਚਾਹੁੰਦਾ ਹੈ ਅਤੇ ਜੋ ਮੱਧਮ ਹੈ ਉਹ ਧਨ ਅਤੇ ਮਾਨ ਦੋਵੇਂ ਹੀ ਚਾਹੁੰਦਾ ਹੈ ਉਤਮ ਪੁਰਸ਼ ਮਾਨ ਨੂੰ ਹੀ ਚਾਹੁੰਦਾ ਹੈ ਉਹਨਾਂ ਨੂੰ ਮਾਨ ਦੇ ਸਮਾਨ ਸਭ ਕੁਛ ਮਿਲ ਜਾਏਗਾ।

**ਹੈਂਗੁਣਔਗਣਸਭਵਿਖੇਇਨਬਿਨਜੰਤਨਕੋਇ॥ ਮ੍ਰਿਦੁਸੁਗੰਧਸੁੰਦਰਕਮਲ ਪਰ ਕੰਟਕ ਭੀ ਹੋਇ॥**

ਗੁਣ ਔਗਣਸਾਰਿਆਂ ਵਿਚਹੈਇਨਾਂਬਿਨਾਂਕੋਈਜੀਵ ਖਾਲੀਨਹੀਂਕੌਲ ਫੁਲ ਕੋਮਲ ਸੁਗੰਧੀਵਾਲਾਅਤੇ ਸੁੰਦਰਭੀਹੈਪਰ ਉਸ ਵਿਚ ਕੰਡੇ ਹਨ

**ਸੋਰਠਾ॥ਭੂਮੰਡਲਸ਼ਿੰਗਾਰ ਸੰਤ ਮਰਾਲ ਨਿਵਾਸ ਜਹਿ॥ ਹਾਨਿਤਿਨੈਪੁਰਿਤ੍ਰਾਲਸਾਧੂ ਹੰਸ ਵਿਯੋਗ ਜਹਿ॥** ਪ੍ਰਿਥਮੀ ਮੰਡਲਦਾ ਸ਼ੰਗਾਰ ਸੰਤ ਅਤੇ ਹੰਸ ਹਨ ਜਿਥੇ ਸੰਤ ਅਤੇ ਹੰਸਦਾ ਵਿਛੋੜਾ ਹੈ ਓਥੇਤਿੰਨੇ ਪੁਰੀਆਂਦੇ ਤਲਾ ਹਾਨੀਂਰੂਪਹਨ।

**ਬਾਈ ਦੋਹੇ ਸੋਰਠਿਕ ਤੀਨ ਸਵੈਯੇ ਚੀਨ॥ ਸਭੀ ਛੰਦ ਖਟ ਬੀਸ ਹੈਂ ਹਰਹੈ ਦੀਨ।ਅਧੀਨ॥੨੭॥**

ਬਾਈ ਦੋਹਰੇ ਸੋਰਠਾ ਇਕ ਤਿੰਨ ਸਵੈਯੇ ਸਾਰੇ ਛੰਦ ਛੱਬੀ ਹਨ ਜੋ ਦੀਨਤਾਈ ਨੂੰ ਦੂਰ ਕਰਦੇ ਹਨ।

**ਇਤਿਸ੍ਰੀਸਾਰੁਕਤਾਵਲੀ ਤਾਸ ਯਾਰਵੋਂਧਯਾਇ॥ ਦੁਰਜਨਸੁਰਜਨਯੁਗਲਕੋਵਰਨਨਕੀਨਸੁਭਾਇ**

ਸਾਰੁਕੁਤਾਵਲੀ ਦਾ ਯਾਰਵਾਂ ਅਧਯਾਇ ਸਮਾਪਤ ਹੋਇਆ ਦੁਰਜਨ ਅਤੇ ਸੰਤ ਦਾ ਸੁਭਾਉ ਵਰਨਨ ਕੀਤਾ ਹੈ।

## ਅਥ ਬਾਰਵਾਂ ਅਧਯਾਇ

**ਦੋਹਰਾ॥ ਅਥ ਦ੍ਵਾਦਸ ਅਧਯਾਇ ਮੈਂ ਸਤ ਵਿਸ਼ਯਨ ਵਿਸਤਾਰ॥ ਕ੍ਰਮ ਕ੍ਰਮ ਕਰ ਤਿਹ ਨਿੰਦ ਹੈ ਪੰਦ੍ਰਸ ਛੰਦ ਉਚਾਰ॥ ੧॥**

ਬਾਹਰਂਵੇ ਅਧਿਆਇ ਵਿਖੇ ਸੱਤਾਂ ਵਿਸ਼ਿਆਂ ਦਾ ਵਿਸਤਾਰ ਹੈ ੧੫ ਛੰਦਾਂ ਵਿਖੇ ਉਹਨਾਂ ਦੀ ਵਾਰੋ ਵਾਰੀ ਨਿੰਦਾ ਕਰਾਂਗੇ।

**ਜੂਪਮਾਸਮਦ ਵੇਸਵਾ ਹਿੰਸਾ ਚੋਰੀਨਾਰਿ॥ ਸਪਤ ਲੋਕਮੈਂਸਪਤ ਹੈਂ ਸਪਤ ਨ ਛੂਹੈ ਉਦਾਰ॥ ੧॥**

ਜੂਆ, ਮਾਸ, ਸ਼ਰਾਬ ਵੇਸਵਾ, ਚੋਰੀ ਕਰਨੀ ਪਿਰ ਇਸਤ੍ਰੀ ਭੋਗਨੀ ਏਹਨਾਂ ਸਤਾਂ ਦੀ ਸੱਤਾਂ ਲੋਕਾਂ ਵਿਚ ਸੌਂਹ ਹੈ ਏਹਨਾਂ ਨੂੰ ਬੁਧੀ ਜਨ ਕਦੇ ਨਾਂ ਛੁਹੇ।

**ਲਖਮੀ ਤਹਾਂਰਹੈਨਹੀਜਹਾਂਜੂਪਕੋਬਾਸ॥ ਪਾਦਪ ਤਹਿਉਪਜੈ ਨਹੀਂ ਜਹਾਂ ਅਗਨਿ ਪਰਕਾਸ਼॥੨॥**

ਲਛਮੀ ਓਥੇ ਨਹੀਂ ਰਹਿੰਦੀ ਜਿਥੇ ਜੂਏ ਦਾ ਵਾਸਾ ਹੈ ਕੌਲ ਉਥੇ ਉਪਜਦਾ ਨਹੀਂ ਜਿਥੇ ਅੱਗ ਹੋਵੇ।

**ਪਾਪਬ੍ਰਿਧਤੇਬ੍ਰਿਧਿਧਨਧਨ ਬ੍ਰਿਧ ਤੇ ਬ੍ਰਿਧ ਪਾਪ॥ ਖੋਯ ਜਪਮੈਂ ਧਰਮ ਬਿਨਉਭੈ ਲੋਕ ਸੰਤਾਪ॥੩॥**

ਪਾਪ ਕਰਨ ਤੋਂ ਧਨ ਵਧਦਾ ਹੈ ਧਨ ਦੇ ਵਧਨ ਤੋਂ ਪਾਪ ਬਹੁਤ ਹੁੰਦਾ ਹੈ ਧਰਮ ਤੋਂ ਬਿਨਾਂ ਧਨ ਜੂਏ ਵਿੱਚ ਗੁਆਂਦਾ ਹੈ ਲੋਕ ਪਰਲੋਕ ਵਿਚ ਦੁਖ ਮਿਲਦਾ ਹੈ।

**ਸੁਰਾਪਾਨ ਤੇ ਹਾਨ ਮਤਿਕਰਹੈ ਕਾਮ ਬਿਹੋਸ਼॥ ਨਾਰੀ ਮਹਤਾਰੀ ਉਭੈ ਭੋਗੈ ਗਨੈ ਨ ਦੋਸ॥੪॥**

ਸ਼ਰਾਬ ਦੇ ਪੀਣ ਤੋਂ ਬੁਧੀ ਮਲੀਨ ਹੁੰਦੀ ਹੈ ਕਾਮ ਬਿਹੋਸ਼ ਕਰਦਾ ਹੈ ਨਾਰੀ ਅਤੇ ਮਾਤਾ ਦੋਹਾਂਨੂੰ ਭੋਗਦਾ ਹੈ ਕੋਈ ਦੋਸ਼ ਨਹੀਂਜਾਣਦਾ।

**ਤੋਟਕ ਛੰਦ॥ ਮਦ ਪਾਨਸਮਾਨ ਨ ਪਾਪ ਪਰੇ॥**

**ਨਹਿ ਭੂਤਭਵਿਖਤਮੈਂਉਚਰੇ॥ਮਦਤਜਾਗ ਸਮਾਨ ਨਪੁੰਨਕਹੂੰ॥ ਨਹਿ ਭੂਤ ਵਿਖੇ ਨ ਭਵਿਖਤਹੂੰ॥੫॥**

ਸ਼ਰਾਬ ਪੀਣ ਵਰਗਾ ਕੋਈ ਪਾਪ ਨਹੀਂ ਏਹੋ ਜੇਹਾ ਨਾਂ ਪਿਛੇ ਹੋਇਆ ਹੈ ਅਰ ਨਾਂ ਅਗੇ ਹੋਵੇਗਾ ਸ਼ਰਾਬ ਤੇ ਤਿਆਗ ਦਾ ਐਡਾ ਪੁੰਨ ਹੈ ਨਾਂ ਹੋਇਆ ਨਾ ਹੋਵੇਗਾ ਨਾਂ ਹੁੰਦਾ ਹੈ।

**ਦੋਹਰਾ॥ਸਤਕਰਤਾਉਪਦੇਸਾਉਪਕਾਰੀਅਨੁਮੰਤ ਘਾਤਕਸਾਦਿਕ ਖਸੂ ਇਹਅਘਸਮਭਾਗੀਜੰਤ॥**

ਮਾਸ ਖਾਣਾ ਚਾਹੀਏ ਚੰਗੀ ਗੱਲ ਹੈ ਮੁਲ ਮੈਂ ਲਿਆਵਾਂ ਰਕਮਮੈਥੋਂ ਲੌਮਾਰਾਂਗਾਮੈਂਲੂਣਮੈਂਦੇਖਾਂਗਾ ਏਹਨਾਂ ਛੇਆਂਦਾਪਾਪਇਕ ਸਮਾਨਹੈ।

**ਰਕਤ ਬਿੰਦ ਕਰ ਸੰਭਵੈ ਜੋ ਨਰ ਭੁੰਚਤ ਮਾਸ॥ ਨਰਕਪਰੇਨਿਕਸੇਨਹੀਂਯਾਵਤਇੰਦੁਵਿਭਾਸ॥੭**

ਜੋ ਮਾਤਾ ਦੇ ਰਕਤ ਤੇ ਪਿਤਾ ਦੇ ਵੀਰਯ ਤੋਂ ਪੈਦਾ ਹੋਯਾਹੈ ਉਸ ਸਰੀਰ ਨੂੰ ਜੋ ਖਾਵੇਗਾ ਸੋ ਨਰਕੇ ਪਵੇਗਾ ਜਿੰਨਾਂ ਚਿਰ ਚੰਦ ਅਤੇ ਸੂਰਜ ਹੈ।

**ਸਰਬਸੁਕ੍ਰਬ੍ਰਹਮਾਅਹੈਬਿਸਨੁ ਪਲਦਪਰਿਕਾਸ॥ ਈਸਰਸਰਬਸੰਘਾਤਹੈਤਾਂਤੇ ਮਤ ਭਖਮਾਸ॥੮॥**

ਸਾਰਿਆਂ ਦਾ ਬੀਜ ਬ੍ਰਹਮਾ ਹੈ,ਮਾਸ ਵਿਸ਼ਨੂੰਹੈਪ੍ਰਕਾਸ਼ ਰੂਪਜੋਹੱਡੀਆਂ ਹਨ ਉਹ ਸ਼ਿਵਜੀ ਹੈ ਜੇਹੇ ਤਿੰਨ ਦੇਵਤੇ ਖਾ ਲਏ ਤਿਹਾ ਮਾਸ ਖਾ ਲਿਆ।

**ਜਪਤਪਬ੍ਰਤਬਿਤਅਵਧਜਸਵਿਦਜਾ ਸਕੁਲ ਉ- ਦਾਰ॥ਸੀਘ੍ਰਕਟੈਗਨਿਕਾਸਕਲਜੈਸੇਲਤਾਕੁਠਾਰ**

ਜਪ ਤਪ ਵਰਤ ਉਮਰ ਜਸ ਧਨ ਵਿਦਿਆ ਉਚੀ ਕੁਲ ਏਹਨਾਂ ਨੂੰ

ਵੇਸਵਾ ਏਸਤਰਾਂ ਵਢਦੀ ਹੈ ਜਿਵੇਂ ਕੁਹਾੜਾ ਕਿਸੇਚੀਜ਼ਨੂੰ ਵਢਦਾਹੈ।

**ਸੁਰਾ ਮਾਸ ਪਾਨ ਗਨਿਕਾ ਤ੍ਰਿਤੀ ਮਨਕਾਮਣਕਾ ॥ਜਾਸਤਿਨ ਸੰਗੇਦੁਖਹੋਤਹੈ ਤਿਨਸੰਯੋਦੁਖਨਾਸ॥**

ਸ਼ਰਾਬ ਪੀਣੀ ਮਾਸਖਾਣਾ ਵੇਸਵਾ ਕੋਲ ਜਾਣਾਜੋਏਹੋਜੇਹਾ ਖਿਆਲ ਆਪਣੇ ਮਨ ਦਾ ਮਣਕਾ ਬਣਾਈ ਬੈਠਾ ਹੈ ਉਸਦਾ ਸੰਗ ਕਰਨ ਨਾਲ ਦੁਖ ਹੁੰਦਾ ਹੈ ਅਤੇ ਉਸਤੋਂ ਸੰਗਣ ਕਰਕੇ ਸੁਖ ਰਹਿੰਦਾ ਹੈ।

**ਕੁਲ ਖੈ ਕਲਹਿ ਕਲੇਸ ਉਰ ਧਨ ਹਿਤ ਧਰਮ ਪ੍ਰਹਾਰ ॥ ਇਤਿ ਉਤ ਅਪਜਸ ਲਭਤ ਸਠ ਜੋ ਭੋਗਤ ਪਰ ਨਾਰਿ ॥ ੧ ॥**

ਕੁਲ ਦਾ ਨਾਸ ਹੁੰਦਾ ਲੜਾਈ ਹੁੰਦੀ ਹੈ ਦੁਖ ਹੁੰਦਾ ਹੈ ਜੋ ਮੂਰਖ ਹੁੰਦਾ ਹੈ ਧਰਮ ਦਾ ਨਾਸ ਤੇ ਲੋਕ ਪਰਲੋਕ ਨਿੰਦਾ ਹੁੰਦੀਹੈ ਜੋ ਮੂਰਖ ਪਰ ਜੋ ਨਾਰੀ ਨੂੰ ਭੋਗਦਾ ਹੈ।

**ਨਿਜ ਯੁਵਤੀ ਕੇ ਹੋਤ ਹੀ ਸਠ ਲਪਟਹਿ ਪਰ ਨਾਰਿ ॥ ਭਰੇ ਤਾਲ ਸਭ ਠੌਰ ਪਰ ਕਾਕ ਅਚੈ ਘਟ ਵਾਰਿ ॥ ੧੨ ॥**

ਆਪਣੀ ਇਸਤ੍ਰੀ ਦੇ ਹੁੰਦਿਆਂ ਜੋ ਪੁਰਖ ਪਰ ਇਸਤ੍ਰੀ ਭੋਗਦੇ ਹਨ ਉਹ ਐਹੋ ਜਹੇ ਹਨ ਜਿਵੇਂ ਸਾਰੀਆਂ ਥਾਵਾਂ ਵਿਖੇ ਤਲਾ ਭਰੇ ਹੋਏ ਹਨ ਨੀਚ ਕਾਂ ਘੜੇ ਵਿਚੋਂ ਜਲ ਪੀਂਦੇ ਹਨ।

**ਮ੍ਰਿਗਝਖਸੰਤਨਵਿਹਤਬ੍ਰਿਤਤ੍ਰਿਣਸੰਬਰ ਸੰਤੋਖ॥ ਲੁਬਧਕੁਝੀਵਰਦੁਸਟਜਨਕਰਹਿਅਕਾਰਣਚੋਖ**

ਹਰਨ ਦਾ ਖਾਣਾ ਮਾਸ ਮਛੀ ਦਾ ਖਾਣਾ ਜਲ ਸਿਬਾਲ ਸੰਤਾਂ ਦਾ ਆਹਾਰ ਸੰਤੋਖ ਏਹ ਜੀਆਂ ਕੋ ਦੁਖ ਨਹੀਂ ਦੇਂਦੇ ਸ਼ਕਾਰੀ ਹਰਨ ਨੂੰ ਮਾਰਦਾ ਹੈ ਮਾਛੀ ਮਛੀਆਂ ਫੜਦਾ ਹੈ ਸੰਤਾਂ ਨੂੰ ਦੁਸ਼ਟ ਦੁਖ ਦੇਂਦਾ ਹੈ। ਉਹਨਾਂ ਨੂੰ ਅਕਾਲ ਪੁਰਖ ਦੁਖ ਦੇਂਦਾ ਹੈ।

**ਛਪੈਛੰਦ॥ਜੂਪ ਸੰਗ ਤੇ ਧਰਮਾਤਾਤ ਅਤਿਬਿਪਤਿ ਲਈ ਬਨ ॥ ਮਾਸ ਸੰਗ ਇਕ ਭੂਪ ਭਯੋ ਬਕ ਦਯੋ ਸ੍ਰਾਪ ਮੁਨਿ ॥ਯਾਦਵਨੰਦਨ ਨਾਸ ਭਏ ਮਦ ਪਾਨ ਕਰਯੋ ਜਬ॥ਕ੍ਰੀਚਕ ਥੇ ਸੌ ਭ੍ਰਾਤਕਾਮ ਕਰ ਨਾਸ ਭਏ ਸਭ ॥ ਨ੍ਰਿਪ ਮ੍ਰਿਗੀ ਯਾ ਕਰ ਪ੍ਰੀਖਤ ਹਤਯੋ ਚੋਰੀ ਕਰ ਸਿਵ ਭੂਪ ਹਤ ॥ ਪੁਨ ਨਾਰੀ ਕੀ ਪ੍ਰੀਤਿ ਕਰ ਸੀਸ ਦਏ ਦਸ ਲੰਕ ਪਤਿ॥੧੪॥**

ਜੂਏ ਤੋਂ ਪਾਡਵਾਂ ਨੇ ਬਾਰਾਂ ਬਰਸ ਬਣ ਵਿਚ ਬਿਪਤਾ ਕੱਟੀ ਮਾਸ ਖਾਣੇ ਤੋਂ ਇਕ ਰਾਜਾ ਮੁਨੀ ਦੇ ਸਰਾਪ ਤੋਂ ਬਗਲਾ ਹੋਯਾ ਯਾਦਵ ਸ਼ਰਾਬ ਪੀਣ ਤੋਂ ਨਾਸ਼ ਹੋਏ ਕ੍ਰੀਚਕ ਸੌ ਭਰਾ ਸੀ ਪਰ ਇਸਤ੍ਰੀ ਦੀ ਇਛਾ ਕਰਨ ਤੋਂ ਨਾਸ ਹੋ ਗਏ। ਸ਼ਿਕਾਰ ਕਰਨ ਨਾਲ ਪ੍ਰੀਛਤ ਰਾਜੇ ਦਾ ਨਾਸ ਹੋਗਿਆ। ਚੋਰੀ ਤੋਂ ਰਾਜਾ ਸਿਵੀ ਮਾਰਿਆ ਤੇ ਪਰਨਾਰੀ ਦੀ ਪ੍ਰੀਤ ਤੋਂ ਰਾਵਨ।

**ਦੋਹਰਾ॥ਇਕਇਕਕੀਸੰਗਤ ਕੀਏ ਭਏ ਨਰੋਤਮ ਨਾਸ ॥ ਜਾਮੈਂ ਸਾਤੋਵਜਸਨਹੈਂਕਥਾਕਹੈਕੋਤਾਸ॥**

. ਇਕ ੨ ਦੀ ਸੰਗਤ ਕਰਨ ਤੋਂ ਉਤਮ ਪੁਰਸ਼ਨਾਸ ਹੋਜਾਂਦਾ ਹੈ ਜਿਨਾਂ ਵਿਖੇ ਸਤ ਵਿਸ਼ੇ ਹਨ ਉਹਨਾਂ ਦੀ ਕੀ ਕਥਾ ਹੈ।

Sri Satguru Jagjit Singh Ji Elibrary NamdhariElibrary@gmail.com

**ਚੌਦਸਦੋਹੇਇਕਛਪਾਤੋਟਕ ਏਕਬਤਾਇ॥ਪੰਦਰਾਂ ਕਹੇ ਸਲੋਕ ਸਭ ਲੋਕ ਪ੍ਰਲੋਕ ਸਹਾਇ ॥੧੬॥**

੧੪ ਦੋਹੇ ਇਕ ਛਪਾ ਇਕ ਤੋਟਕ ਦਸਿਆ ਹੈ ੧੫ ਸ਼ਲੋਕ ਸਾਰੇ ਲੋਕ ਪ੍ਰਲੋਕ ਵਿਚ ਸਹਾਈ ਹੁੰਦੇ ਹਨ।

**ਇਤਿ ਸ੍ਰੀ ਸਾਰੁਕਤ੍ਰਾਵਲੀ ਤਿਹ ਦ੍ਵਾਦਸ ਅਧਯਾਇ ॥ ਸਪਤ ਵ੍ਯਸਨ ਵਰਨਨ ਕਰੇ ਕਵਿ ਹਰਿਦਯਾਲ ਸੁਭਾਇ॥**

ਸਾਰਕੁਤਾਵਲੀ ਦਾ ਬਾਰਵਾਂ ਅਧਯਾਯ ਸਮਾਪਤ ਹੋਇਆ ਕਵੀ ਹਰਦਿਆਲ ਜੀਨੇ ਸਤਾਂ ਵਿਸ਼ਿਆਂ ਦਾ ਇਸ ਵਿਚ ਵਰਨਨਕੀਤਾਹੈ।

## ਤੇਰਵਾਂ ਅਧਯਾਯ

**ਦੋਹਰਾ॥ ਅਬ ਤ੍ਰੋਦਸ ਅਧਯਾਇ ਮੈਂ ਇੰਦ੍ਰਯ ਵਿਖਿਅਨ ਨਿੰਦ ॥ ਦੁਰਜਨ ਕੀ ਨਿੰਦਾ ਕਰੇਂ ਕਹਿਕੇ ਤੇਈ ਛੰਦ ॥ ੧੩ ॥**

ਤੇਰਵੇਂ ਅਧਿਯਾਯ ਵਿਖੇ ਇੰਦ੍ਰੀਆਂ ਦੇ ਵਿਸ਼ਿਆਂ ਦੀ ਨਿੰਦਾ ਤੇ ਦੁਰਜਨਾਂ ਦੀ ਨਿੰਦਾ ਕਰਾਂਗੇ ਤੇਈ ਛੰਦ ਕਹਿਕੇ ।

**ਕਾਮ ਬਰੋਬਰ ਬਿਆਧਨਹਿਸਤ੍ਰਨਮੋਹਸਮਾਨ॥ ਆਨਅਗਨਨਹਿਕ੍ਰੋਧਸਮਸੁਖਨਸਮਾਨਗਿਆਨ**

ਕਾਮ ਦੇ ਬਰਾਬਰ ਰੋਗ ਕੋਈ ਨਹੀਂ ਮੋਹ ਵਰਗਾ ਸ਼ਤਰੂ ਕੋਈ ਨਹੀਂ ਕਰੋਧ ਜੇਹੀ ਕੋਈਅਗਨੀ ਨਹੀਂ ਗਿਆਨਦੇਸਮਾਨਕੋਈਸੁਖ ਨਹੀਂ।

**ਕਰੀਕਾਮਆਮਿਖਮਤਸਮ੍ਰਗਸ੍ਵਰ ਰੂਪ ਪਤੰਗ॥**

**ਅਲਿਸੁਗੰਧਇਤਯਾਦਿਹਤ ਦਿਕ ਇਕ ਇੰਦ੍ਰਯ ਸੰਗ॥** ਹਾਥੀ ਕਾਮ ਕਰਨ ਤੋਂ ਮਰਦਾ ਹੈ ਮੱਖੀ ਮਾਸ ਖਾਣ ਤੋਂ ਮਰਦੀਹੈ ਹਰਨ ਘੰਡੇਹੇੜੇ ਦਾ ਸ਼ਬਦ ਸੁਣਕੇ ਮਰਜਾਂਦਾਹੈ ਰੂਪ ਦੇਖਕੇ ਪਤੰਗਾ ਸੜ ਮਰਦਾਹੈ ਭੌਰਾ ਸੁਗੰਧੀ ਲੈਕੇ ਮਰਜਾਂਦਾਹੈ ਇਤਆਦਿ ਜੋ ਮੋਏ ਹਨ ਇਕ ੨ ਇੰਦਰੇ ਦੇ ਸੰਗ ਤੋਂ ਹੀ ਮੋਏ ਹਨ।

**ਸ੍ਵਰ ਸਪਰਸਰਸਰੂਪਗੰਧ ਪਾਂਚੋਂ ਕਾਰਣਨਾਸ॥**
**ਜੋ ਜਨ ਪਾਂਚੋਂ ਵਸ ਭਏ ਕਥਾ ਕਹੇਕੋ ਤਾਸ ॥੩॥**

ਸ੍ਵਰ ਸ਼ਪਰਸ ਰਸ ਰੂਪ ਗੰਧ, ਏਹ ਪੰਜੇ ਨਾਸ ਕਰਣ ਵਾਲੀਆਂ ਹਨ ਜਿਸ ਪੁਰਸ਼ ਦੇ ਪੰਜੇ ਵਸ ਆ ਜਾਣ ਉਸਦੀ ਕੀ ਕਥਾ ਹੈ।

**ਦੁਰਜਨਸੰਗਨਕੀਜੀਏਬਚਨ ਨ ਤਾਂਹਿਬਖਾਨ॥**
**ਸਰਕਲਾਲਨੀਦੁਗਧਭੀਪਰਤਿਹਸਭਮਦਜਾਨ**

ਖੋਟੇ ਪੁਰਸ਼ ਦਾ ਸੰਗ ਨਾ ਕਰੀਏ ਨਾ ਉਸ ਨਾਲ ਬੋਲੀਏ ਹੀ।ਕਲਾ-ਲਨੀ ਦੇ ਹਥ ਵਿਚ ਭਾਵੇਂ ਦੁਧਹੀ ਹੋਵੇ ਪਰ ਉਸਨੂੰ ਸਾਰੇ ਸ਼ਰਾਬਹੀ ਜਾਣਦੇ ਹਨ।

**ਸੋਰਠਾ॥ ਤੁਲ ਦੁਸਟ ਮਿਰਦੰਗ ਪਿੰਡ ਤੁੰਡ ਮੈਂ ਜਬ ਪਰੇ॥ ਤਬ ਲਗ ਬੋਲਤ ਚੰਗ ਨਾਤਰ ਨਿੰਦ ਕੁਰਸ ਕਰੇ॥ ੫॥**

ਨਿੰਦਕ ਅਤੇ ਦੁਸ਼ਟ ਦੋਵੇਂ ਇਕ ਹੀ ਤਰਾਂ ਹਨ ਤਬਲੇ ਦੇ ਮੂੰਹ ਨੂੰ ਆਟਾ ਲਾਈਏ ਤਾਂ ਚੰਗਾ ਬੋਲਦਾ ਹੈ ਨਹੀਂ ਤਾਂ ਏਹੋ ਹੀ ਹਾਲ ਨਿੰਦਕ ਦਾ ਹੈ ਜੋ ਕੁਝ ਦੇਈਏ ਤਾਂ ਉਸਤਤ ਕਰਦਾ ਹੈ।

**ਦੋਹਰਾ ॥ ਯਦਪਿ ਵਕਤਾ ਸਰਬ ਵਿਤ**

**ਅਰ ਸ੍ਰੋਤਾ ਖਲ ਹੋਇ॥ ਬਚਨ ਫਲੇ ਨਹਿ ਤਾਸ ਸਮ ਜੋ ਅਨੇਕ ਜੁਗ ਖੋਇ॥ ੬॥**

ਜੇਕਰ ਗੁਰੂ ਗਿਆਨਵਾਨ ਹੋਵੇ ਅਤੇ ਸੁਨਣ ਵਾਲਾ ਮੂਰਖ ਹੋਵੇ ਤਾਂ ਗੁਰੂ ਦੇ ਬਚਨ ਸਿਖ ਦੇ ਮਨ ਵਿਚ ਨਹੀਂ ਬੈਠਦੇ ਭਾਵੇਂ ਅਨੇਕਾਂ ਹੀ ਜੁਗ ਗੁਰੂ ਸਿੱਖ ਨੂੰ ਕਹੇ।

**ਜੈਸੇਸੁੰਦਰਸੁੰਦਰੀਖੋੜਸ ਕਰੇ ਸਿੰਗਾਰ॥ਤਦਪਿ ਨਿਸਫਲਸਭਸਹੀਜੋਦ੍ਰਿਗ ਬਿਨ ਭਰਤਾਰ॥੭॥**

ਜੋ ਇਸਤਰੀ ਸੋਲਾਂ ਸ਼ਿੰਗਾਰ ਕਰੇ ਸੁੰਦਰ ਹੋਵੇ ਪਰ ਜੇ ਉਸ ਦਾ ਪਤੀ ਅੰਨਾ ਹੈ ਤਾਂ ਉਹ ਨਿਸਫਲ ਹਨ।

**ਦਾਦੁਰਕਰਕੁਖਭਰਣਮੈਂਤਤਪਰਨਾਗ ਅਨੇਕ॥ ਸਮਰਥਧਰਨੀਧਰਨਮੈਂਸੇਖਨਾਗਹੀ ਏਕ॥੮॥**

ਡਡੀਆਂ ਖਾਕੇ ਢਿਡ ਭਰਨ ਵਾਲੇ ਤਾਂ ਕਈ ਸਰਪ ਹਨ ਪਰੰਤੂ ਧਰਤੀ ਦਾ ਭਾਰ ਚੁਕਣ ਵਾਲਾ ਇਕੋ ਹੀ ਸ਼ੇਸ਼ ਨਾਗ ਹੈ।

**ਉਦਰ ਭਰਣ ਤਤਪਰ ਭਏ ਭੇਖੀ ਸੰਤ ਅਨੰਤ॥ ਜਗਤਜਲਧਕੇਤਰਣਮੈਵਿਰਲਾਕੋਇਕਸੰਤ॥੯॥**

ਢਿਡ ਭਰਨ ਵਾਲੇ ਭੇਖੀ ਸੰਤ ਤਾਂ ਕਈ ਹਨ ਪਰੰਤੂ ਸੰਸਾਰ ਸਮੁੰਦਰ ਵਿਚੋਂ ਤਾਰਨ ਵਾਲਾ ਵਿਰਲਾ ਕੋਈ ਇਕ ਸੰਤ ਹੈ।

**ਨਿੰਦਕਕ੍ਰਿਤਘਨਪਿਸਨਜਨਪੁਨ ਜਿਹ ਕ੍ਰੋਧ ਬਿ-ਸਾਲ॥ਚਾਰੋਂਕਰਮੋਂਕੇਸੂਪਚਪੰਚਮਜਾਤਚੰਡਾਲ॥**

ਨਿੰਦਕ ਕ੍ਰਿਤਘਣ ਚੁਗਲ ਅਤੇ ਹੋਰ ਬਹੁਤ ਕਰੋਧੀ ਏਹ ਚਾਰੇ ਕਰਮ ਦੇ ਨੀਚ ਚੰਡਾਲ ਹਨ।

**ਸਰਪ ਕੂਰਿ ਖਲ ਕੂਰਹੈ ਸਰਪਨ ਤੇ ਖਲ ਕੂਰ॥**
**ਮੰਤ੍ਰੌਖਧਿਕਿਰਸਰਪਿ ਵਸ ਖਲ ਕੋ ਮੰਤ੍ਰ ਨ ਮੂਰ॥**

ਸਰਪ ਬੜਾ ਸਖਤ ਹੈ ਪਰੰਤੂ ਸਰਪ ਕੋਲੋਂ ਮੂਰਖ ਵਧੀਕ ਹੀ ਹੈ ਸਰਪ ਤਾਂ ਮੰਤ੍ਰਾਂ ਅਤੇ ਔਸਧੀਆਂ ਦਵਾਰਾ ਵਸ ਹੋ ਜਾਂਦਾ ਹੈ ਪਰ ਮੂਰਖ ਦਾ ਨਾ ਕੋਈ ਮੰਤ੍ਰ ਹੈ ਨਾ ਹੀ ਕੋਈ ਬੂਟੀ ਹੈ।

**ਸੰਗਦੋਖ ਕਰ ਸੰਤ ਜਨ ਕਬੀ ਨ ਵਿਕ੍ਰਯ ਧਾਰ॥**
**ਚੰਦਨਨਾਗਨਕਰਢਪਯੋਤੱਵਪਿਧਰੇਨਮਾਰ॥੧੨**

ਸੰਤ ਦੀ ਸੰਗਤ ਮੂਰਖ ਨਾਲ ਹੋਜਾਏ ਤਾਂ ਉਹ ਮੂਰਖ ਦੇ ਔਗੁਣਾਂ ਨੂੰ ਨਹੀਂ ਧਾਰਦੇ ਚੰਦਨ ਨੂੰ ਸੱਪ ਢਕ ਲਏ ਤਾਂ ਉਹ ਉਸ ਦੀ ਵਿਹੁ ਨੂੰ ਨਹੀਂ ਧਾਰਦੇ।

**ਨੀਚਨ ਪਰ ਉਪਕਾਰ ਜੋ ਕੋਪਹੇਤੁ ਨਹਿਸ਼ਾਂਤ॥**
**ਜਿਉਂਸਰਪਨਪੈ ਪਾਨਭੀਕੇਵਲਵਿਖਵਰਧਾਂਤ॥**

ਨੀਚ ਤੇ ਜੋ ਪਰ ਉਪਕਾਰ ਹੈ ਉਹਕ੍ਰੋਧ ਦਾ ਕਾਰਨ ਹਨ ਪਿਆਰ ਅਤੇ ਸ਼ਾਂਤੀ ਨਹੀਂ ਮਿਲਦੀ ਜਿਉਂ ਸਰਪ ਨੂੰ ਭਾਵੇਂ ਦੁਧ ਵੀ ਪਾਈਏ ਤਾਂ ਭੀ ਉਹ ਵਿਖ ਹੀ ਵਧੌਂਦੇ ਹਨ।

**ਦ੍ਵੈਕਰਦ੍ਵੈਪਗਆਹਿਤਵਦਿਸਯਤਪੁਰਖਅਕਾਰ।**
**ਸੀਤਵਾਤਕੇਘਾਤਹਿਤਕਿਓਨਹਿਕਰਹਿਅਗਾਰ**

ਇਕ ਦਿਨ ਬਰਖਾ ਹੋ ਰਹੀ ਸੀ ਅਤੇ ਇਕ ਬਾਂਦਰ ਬਰਖਾ ਤੋਂ ਬਚਣ ਲਈ ਬ੍ਰਿਛ ਤ ਚੜ ਆਇਆ ਤਦ ਚਿੜੀ ਨੇ ਕਿਹਾ ਕਿ ਦੋ ਤੇਰੇ ਹਥ ਦੋ ਪੈਰ ਹਨ ਅਤੇ ਪੁਰਖਦੇ ਅਕਾਰ ਵਾਂਕੁਰ ਤੇਰਾ ਆਕਾਰ ਹੈ ਠੰਢੀਵਾਉਦੇ ਘਾਤਤੋਂ ਬਚਨਲਈ ਕੋਈ ਘਰਕਿਉਂਨਹੀਂਬਨੌਂਦਾ

**ਸੂਚੀਮੁਖਵਿਭਚਾਰਨੀਰੰਡੇ ਪੰਡਿਤ ਰਾਗ॥ਨਹਿ**

**ਬਲਨਿਜਗ੍ਰਿਹਿਰਚਨਮੈਂ ਸਮਰਥਹਤਤਵ ਦ੍ਵਾਰ॥**

ਦਾਂਦਰ ਨੇ ਕਿਹਾ ਕਿ ਐ ਸੂਈ ਜਹੀ ਚੁੰਜਵਾਲੀ ਰੰਡੀ ਸਾਡੇ ਪੰਡਤਾਂ ਨਾਲ ਲੜਦੀ ਹੈ ਜੇ ਮੈਂ ਆਪਣਾ ਘਰ ਬਨਾਣ ਦੀ ਤਾਕਤ ਨਹੀਂ ਰਖਦਾ ਤਾਂ ਤੇਰੇ ਤੋੜਨੇ ਲਈ ਤਾਂ ਸਮਰਥ ਹਾਂ।

**ਜੈਸੇ ਕੈਸੇ ਪੁਰਖ ਕੋ ਦੈ ਉਪਦੇਸ ਨ ਸੰਤ॥ ਮੂਰਖ ਕਪਬਿਨਗ੍ਰਿਹਿਕਰੀਚਟਕਾ ਜੋ ਗ੍ਰਿਹਿਵੰਤ॥੧੬॥**

ਸੰਤ ਅਧਕਾਰੀ ਅਤੇ ਅਨ ਅਧਕਾਰੀ ਵੇਖਕੇ ਉਪਦੇਸ਼ ਦੇਵੇ ਵੇਖ ਮੂਰਖ ਬਾਂਦਰ ਨੇ ਚਿੜੀ ਦਾ ਘਰ ਤੋੜ ਦਿਤਾ ਅਰਉਹ ਮਰ ਗਈ।

**ਊਚੇਥਿਤਊਚੌਨਹੀਂਊਚੋ ਗੁਨ ਕਰ ਹੋਇ॥ ਕਾਕ ਅਟਾਰੀਪਰਬਹੈਪਰਕਗਾਖਗਪਤਿ ਸੋਇ॥੧੭॥**

ਉਚੀ ਥਾਂ ਤੇ ਬੈਹਣਤੋਂ ਉਚੇ ਨਹੀਂਹੋਵੀਦਾ ਉਚੇ ਗੁਨਾਂਕਰਕੇਹੋਵੀਦਾ ਹੈ ਜਿਵੇਂ ਕਾਂ ਅਟਾਰੀ ਤੇ ਬਹਿਣ ਕਰਕੇ ਗਰੜ ਨਹੀਂ ਬਣ ਸਕਦਾ।

**ਨੀਚਨਕੀਸੰਗਤ ਕਰੇ ਨਸੇ ਬੇਗ ਬੈਰਾਗ॥ਪਰਾ-ਧੀਨਭੀਸੁਖ ਨਸੇਅਭ੍ਰ ਛਾਯ ਤ੍ਰਿਣਆਗ॥੧੮॥**

ਨੀਚ ਦੀ ਸੰਗਤ ਕਰਨ ਤੋਂ ਵੈਰਾਗ ਨਾਸ ਹੁੰਦਾ ਹੈ। ਪਰਾਧੀਨ ਵਿਚ ਸੁਖ ਨਾਸ ਹੁੰਦਾ ਹੈ ਬਦਲਾਂ ਦੀ ਛਾਂ ਤੇ ਕਖਾਂ ਦੀ ਅਗਨੀ ਸਮਾਨਹੈ

**ਕਬਿਤ॥ਕੋਊਏਕਬਿਪ੍ਰਆਹਿਸੰਭੁਬਨਮੈਂਮਨਾਇ ਤਾਂਬ੍ਰ ਪਾਤ੍ਰ ਕੋ ਦਬਾਇ ਲਿੰਗ ਲਿੰਗ ਕਯੋ ਹੈ॥**

ਇਕ ਬ੍ਰਾਹਮਣ ਬਨ ਵਿਚ ਜਾਕੇ ਸ਼ਿਵ ਜੀਦੀ ਪੂਜਾਕਰਦਾ ਹੁੰਦਾ ਸੀ ਪੂਜਾ ਦੇ ਭਾਂਡੇ ਦਬਾਕੇ ਉਤੇ ਸ਼ਿਵਲਿੰਗ ਬਨਾਂਦਾ ਸੀ।

**ਤਹਾਂਏਕਜਨ ਆਏ ਲਿੰਗ ਦੇਖਲਿੰਗਕੀਏਲਿੰਗ**

**ਅਰਚਏ ਕਰ ਜਨ ਜੂਥ ਗਯੋ ਹੈ ॥**

ਓਸ ਰਾਹੇ ਕਈ ਹੀ ਪੁਰਸ਼ ਲੰਘੇ ਉਹਨਾਂ ਸ਼ਿਵਲਿੰਗ ਵੇਖਕੇ ਕਈ ਸ਼ਿਵਲਿੰਗ ਬਨਾਏ ਤੇ ਪੂਜਾ ਕਰਕੇ ਚਲੇ ਗਏ ਸਨ।

**ਭੂਸੁਰ ਜੋ ਆਯੋ ਦੇਖ ਲਿੰਗ ਬਿਸਮਾਯੋ ਕਹੂੰ ਏਕ ਲਿੰਗ ਹੂੰ ਤੇ ਲਿੰਗ ਝੁੰਡ ਨਿਰਮਯੋ ਹੈ॥**

ਦੂਜੇ ਦਿਨ ਬ੍ਰਾਹਮਣ ਆਇਆ ਤਾਂ ਇਕ ਦੀ ਥਾਂ ਅਨੇਕ ਹੀ ਸ਼ਿਵਲਿੰਗ ਪਏ ਵੇਖੇ।

**ਪਾਤ੍ਰਨਹਿਪਾਏਤ੍ਰਬ ਬਿਪ੍ਰਯੋਂ ਅਲਾਏਤ ਾਂਹਿਪਾਤ੍ਰ ਲਿੰਗ ਚਿੰਨ ਕੀਨੋ ਮੂੜੋ ਨ ਲਖਯੋ ਹੈ ॥ ੧੯ ॥**

ਜਦ ਪੂਜਾ ਦੇ ਭਾਂਡੇ ਨਾਂ ਪਾਏਤਾਂ ਕੈਹਣ ਲਗਾ ਕਿ ਭਾਂਡਿਆਂ ਵਾਸਤੇ ਨਿਸ਼ਾਨ ਕੀਤਾ ਸੀ ਮੂਰਖਾਂ ਨੇ ਜਾਣਿਆ ਹੀ ਨਹੀਂ।

**ਸੋਰਠਾ॥ਜਗਕੀਭੇਡਾਚਾਲ ਚਲਤੇ ਕੇਪਾਛੈਚਲੈਂ॥ ਪਰਮਾਰਥ ਨ ਸਮਾਲ ਦੇਖੋ ਜਗ ਕੀ ਮੂੜਤਾ ॥**

ਜਗ ਦੀ ਭੇਡਾਂ ਦੇ ਸਮਾਨ ਚਾਲਹੈ ਚਲਦੇ ਦੇ ਪਿਛੇਂ ਚਲਦੇ ਹਨ ਮੋਖ ਨੂੰ ਨਹੀਂ ਸਮਾਲਦੇ ਜਗ ਦੀ ਮੂਰਖ ਤਾਈ ਦੇਖੋ।

**ਦੋਹਰਾ॥ ਫਲ ਕਰਕੇ ਤਰੁ ਤਰੇ ਹੈ ਨਿੰਮਰ ਅਤਿ ਸ੍ਰੁਤਿ ਵੰਤ ॥ ਸੂਕੇ ਬ੍ਰਿਖ ਜਯੋਂ ਤੁਟਤ ਹੈਂ ਝੁਕਤ ਨਹੀਂ ਖਲ ਜੰਤ ॥**

ਫਲ ਵਾਲਾ ਬ੍ਰਿਛ ਨਿਉਂ ਜਾਂਦਾਹੈ ਏਸੇਤਰਾਂ ਹੀ ਸ੍ਰੁਤੀਆਂ ਦਾ ਵੇਤਾ ਸੂਧ ਹੁੰਦਾ ਹੈ ਸੁਕਾ ਬ੍ਰਿਛ ਟੁਟ ਜਾਂਦਾ ਹੈ ਨਿਊਂਦਾ ਨਹੀਂ ਏਵੇਂ ਮੂਰਖ ਨੂੰ ਜਾਨ ਲਓ।

Sri Satguru Jagjit Singh Ji Elibrary NamdhariElibrary@gmail.com

**ਕਬਿੱਤ॥ਨੀਰਕਰਸਿਖੀਕੇਨਿਵਾਰਨਮੈਂ ਸਮਰਥ ਛਾਯਾ ਕਰ ਦਿਵਾਕਰ ਆਤਪ ਨਿਵਾਰੀਯੇ॥**

ਪਾਣੀ ਅਗ ਦੇ ਬੁਝਾਨ ਤੇ ਸਮਰਥ ਹੈ ਛਾਂ ਸੂਰਜ ਦੀ ਧੁਪ ਨੂੰ ਮਾਤ ਕਰਨ ਵਿਖੇ।

**ਸਮਦ ਮਤੰਗ ਵਸ ਹੋਤ ਤੀਖੇ ਕੁੰਡੇ ਕਰ ਧੇਨੁ ਭੈਂਸ ਰਾਸਭ ਕੋ ਦੰਡ ਕਰ ਟਾਰੀਯੇ॥**

ਸ਼ਰਾਬ ਪੀਕੇ ਹਾਥੀ ਮਸਤ ਹੋ ਜਾਂਦਾ ਹੈ ਕੁੰਡੇ ਕਰਕੇ ਵਸ ਹੁੰਦਾ ਹੈ। ਗਾਂ ਮੈਂਹ ਖੋਤਾ ਏਹ ਡੰਡੇ ਨਾਲ ਵਸ ਹੁੰਦਾ ਹੈ।

**ਭੇਖਜ ਕੀ ਸੰਗ੍ਰਹ ਕਰ ਬਯਾਧ ਕੋ ਪ੍ਰਹਾਰ ਕਰੈ ਮੰਤ੍ਰਨ ਕੈ ਬਲ ਤੇ ਭੁਜੰਗ ਮਾਰ ਡਾਰੀਯੇ॥**

ਔਸ਼ਧੀਆਂ ਅਕੱਠੀਆਂ ਕਰਨ ਤੋਂ ਰੋਗ ਦੂਰ ਹੁੰਦਾ ਹੈ ਸਰਪ ਦੀ ਵਿਸ ਮੰਤਰ ਦੇ ਜੋਰ ਤੋਂ ਹਟ ਜਾਂਦੀ ਹੈ।

**ਨਿਗਮ ਕਰੀਯੋਂ ਰਚੀ ਭੇਖਜ ਸਕਲ ਕੇਰੀ ਪਰਨੀਚ ਨਰ ਕੀ ਨ ਔਖਧਿਉਚਾਰੀਯੇ॥੨੨॥**

ਬੇਦਾਂ ਨੇ ਸਾਰਿਆਂ ਦੀ ਦਵਾਈ ਰਚੀ ਹੈ ਪਰ ਮੂਰਖ ਦੀ ਨਹੀਂ ਰਚੀ।

**ਦੋ:॥ਮਤਪ੍ਰਤੀਤ ਖਲ ਕੀਕਰੋਸੁਕੁਲਜਬੀਵਿਦ੍ਵਾਨ ਚੰਦਨਕੇ ਘਰਸਨ ਕਰੇ ਦਾਹਤ ਪ੍ਰਗਟ ਕ੍ਰਿਸਾਨ॥**

ਮੂਰਖ ਦੀ ਕਦੀ ਪਰਤੀਤ ਨਾਂ ਕਰੋ ਭਾਵੇਂ ਵਡੀ ਅਕਲ ਵਾਲਾ ਹੋਵੇ ਜਿਵੇਂ ਚੰਦਨ ਦੀ ਲਕੜਨੂੰ ਘਸਾਨ ਤੋਂ ਅੱਗ ਨਿਕਲਦੀ ਹੈ ਅਤੇ ਉਹ ਚੰਦਨ ਨੂੰ ਹੀ ਸਾੜਦੀ ਹੈ।

**ਬੀਸ ਦੋਹਰੇਦੋਕਬਿੱਤ ਏਕ ਸੋਰਠਾਜਾਨ॥ਤੀਨ। ਬੀਸ ਸਭ ਛੰਦ ਹੈਂ ਹ੍ਰਿਦੈ ਸਰੋਜਹਿ ਭਾਨ॥੨੪॥**

੨੦ ਦੋਹਰੇ ਦੋ ਕਬਿਤ ਇਕ ਸੋਰਠਾ ਸ਼ਾਹੇ ੨੩ ਛੰਦ ਹਨ ਹਿਰਦੇ ਕੌਲ ਨੂੰ ਸੂਰਜ ਵਾਂਗੂ ਪ੍ਰਕਾਸ਼ ਕਰਦੇ ਹਨ।

**ਇਤਿ ਸ੍ਰੀਸਾਰੁਕਤਾਵਲੀ ਤਾਸ ਤ੍ਰੋਦਸੋ ਧਯਾਇ॥**
**ਨਿੰਦੈਖਲਇੰਦ੍ਰੈ ਵਿਖਯ ਮੁਕਤਿਨਮਿਤਵਿਹਾਇ॥**

ਸਾਰਕੁਤਾਵਲੀ ਦਾ ੧੩ ਅਧਯਾਯ ਸਮਾਪਤ ਹੋਯਾ ਮੂਰਖ ਦੀ ਨਿੰਦਯਾ ਇੰਦ੍ਰੀਆਂ ਦੇ ਵਿਸ਼ੇ ਦੀ ਮੁਕਤੀ ਵਾਸਤੇ ਸ਼ੁਰੂ ਕੀਤਾ ਸੀ ਹੁਣ ਸਮਾਪਤ ਹੋਗਿਆ ਹੈ।

## ਅਥ ਚੌਧਵਾਂ ਅਧਿਆਯ

**ਦੋ:॥ ਸਿੱਖਯਾ ਵਰਨੈ ਚੌਦਸੇ ਚੋਦਸਛੰਦ ਉਚਾਰ॥**
**ਬੇਗਤ੍ਰਿਤਾਪਪ੍ਰਹਾਰਹ੍ਵੈਜਿਉਂਘਨਬਾਰਬਿਆਰ॥**

ਚੌਧਵੇਂ ਧਯਾਯ ਵਿਖੇ ਚੌਦਾਂ ਛੰਦ ਉਚਾਰਕੇ ਸਿਖਿਆ ਦਾ ਵਰਨਣ ਕਰਾਂਗੇ ਸ਼ੀਘਰ ਹੀ ਤਿੰਨਾਂ ਤਾਪਾਂ ਦਾ ਨਾਸ ਕਰੇਗਾ ਜਿਵੇਂ ਬਦਲਾਂ ਨੂੰ ਪੌਣ ਨਾਸ ਕਰਦੀ ਹੈ।

**ਨਰਾਜ ਛੰਦ॥ ਹਿਤੀਖਣਾ ਜਹਾਂ ਅਹੇ ਤਹਾਂ ਨਹੀ ਮਨੀਖਣਾ॥**

ਜਿਥੇ ਪੜ੍ਹਾਨਵਾਲਾ ਵਿਦ੍ਵਾਨ ਗੁਰੂਹੈ ਓਥੇ ਪੜਨ ਵਾਲਾ ਕੋਈ ਨਹੀਂ

**ਮਨੀਖਣਾ ਜਹਾਂ ਅਹੇ ਤਹਾਂ ਨਹੀਂ ਹਿਤੀਖਣਾ॥**

ਜਿਥੇ ਪੜ੍ਹਨਵਾਲਾਹੈਓਡੇਕੋਈਪੜ੍ਹਾਨ ਵਾਲਾ ਵਿਦਵਾਨ ਗੁਰੂ ਨਹੀਂ

**ਸਮਾਦਿ ਵੇਦ ਵੇਦ ਭੀ ਸੁ ਦੁਰਲਭੌ ਉਭੈ ਅਹੈ॥**

ਸਾਰਿਆਂ ਸਾਧਨਾਂ ਵਾਲਾ ਅਤੇ ਵੇਦਾਂਦੇ ਜਾਨਣ ਵਾਲਾ ਏਹ ਦੋਵੇਂ ਦੁਰਲੱਭ ਹਨ।

Sri Satguru Jagjit Singh Ji Elibrary NamdhariElibrary@gmail.com

**ਯਥੋਖਧੀ ਸੁਆਦਵੰਤ ਬਜਾਧਿ ਮੂਲਤੇਦਹੈ ॥੧॥**

ਜਿਵੇਂ ਦੁਵਾਈ ਸੁਵਾਦੀ ਭੀ ਹੋਵੇ ਅਤੇ ਰੋਗ ਭੀ ਹਟਾ ਦੇਵੇ।

**ਛਪੈ ਛੰਦ ॥ ਬਿਰਖ ਹੀਣ ਫਲ ਚੀਨ ਬਿਹੰਗਮ ਬੇਗ ਤਿਆਗੈ ॥**

ਫਲ ਤੋਂ ਹੀਣ ਬ੍ਰਿਛ ਨੂੰ ਵੇਖਕੇ ਪੰਛੀ ਉਡ ਜਾਂਦੇ ਹਨ।

**ਕਾਨਨਦਵਗਧੋਦੇਖ ਹਰਨ ਆਦਿਕ ਸਭ ਭਾਗੈ॥**

ਬਨ ਨੂੰ ਸੜਦਿਆਂ ਵੇਖਕੇ ਹਰਨ ਆਦਕ ਸਭ ਭਜ ਜਾਂਦੇ ਹਨ।

**ਫੂਲਮਾਲਨਿਰਗੰਧਗਲੇਤੇਤਿਆਗੈਂਸਭ ਨਰ ॥**

ਸੁਗੰਧੀ ਤੋਂ ਬਿਨਾਂ ਫੂਲ ਮਾਲਾ ਨੂੰ ਵੇਖਕੇ ਸਭ ਪੁਰਸ਼ ਤਿਆਗ ਦੇਂਦੇ ਹਨ।

**ਸਾਰਸਤਿਆਗੈਬੇਗਨੀਰ ਬਿਨ ਪੇਖ ਸਰੋਵਰ॥**

ਸਾਰਸ ਪੰਛੀ ਤਿਆਗ ਦੇਂਦਾਹੈ ਜਦੋਂ ਸਰੋਵਰਨੂੰ ਜਲ ਤੋਂ ਬਿਨਾਂ ਵੇਖੇ।

**ਪੁਨ ਗਨਿਕਾ ਨਿਰਧਨ ਨਰ ਤਜੈ ਭ੍ਰਿਸਟ ਨ੍ਰਿਪਤਿ ਭ੍ਰਿਤ ਤਜਤ ਹੀ॥**

ਵੇਸਵਾ ਨਿਰਧਨ ਨੂੰ ਕੋਲ ਨਹੀਂ ਬਹਾਂਦੀ ਨੀਚ ਟੇਹਲੂਏ ਨੂੰ ਰਾਜਾ ਨਹੀਂ ਰਖਦਾ।

**ਜਨਸਗਲੇਸ੍ਵਾਰਥਵਸਰਮੇਕੋਕਾਹੂੰਪਯਾਰੋਨਹੀਂ**

ਸਾਰੇ ਆਪੋ ਆਪਣੇ ਸੁਆਰਥ ਵਿਚ ਰਹਿੰਦੇ ਹਨ ਕੋਈ ਕਿਸੇ ਦਾ ਪਿਆਰਾ ਨਹੀਂ।

**ਦੋਹਰਾ ॥ ਪਸੁ ਧਨਅਧਨ ਕਨਕ ਅਰਧਅਹੈ ਸਰਬ ਧਨ ਧਾਨ ॥ ਮਿਤ੍ਰ ਸੀਲ ਬਿਦਯਾ ਭ੍ਰਿਤੀ**

Sri Satguru Jagjit Singh Ji Elibrary NamdhariElibrary@gmail.com

**ਅਤਿ ਸੈ ਧਨ ਕੀ ਖਾਨ ॥**

ਪਸ਼ੂ ਜੋ ਹੈ ਉਹ ਕੋਈ ਧਨ ਨਹੀਂ ਹੈ ਸੋਨਾ ਅੱਧਾ ਧਨ ਹੈ ਕਣਕ ਸਾਰਾ ਧਨ ਹੈ। ਮਿਤ੍ਰ ਅਤੇ ਵਿਦਿਆ ਸਾਦਾ ਸੁਭਾਉ ਧਨਦੀ ਖਾਨਹੈ।

**ਬਿਨਾਂ ਭ੍ਯਾਸ ਵਿਦ੍ਯਾ ਨਹੀਂ ਵਿਦ੍ਯਾ ਬਿਨੁ ਧਨੁਨਾਹਿ॥ਬਿਨਾ ਦਰਬ ਨਹਿ ਮਿਤ੍ਰ ਕੋ ਮਿਤ੍ਰ ਬਿਨਾ ਬਲ ਕਾਹਿ॥ ੪ ॥**

ਅਭਿਆਸ ਤੋਂ ਬਿਨਾਂ ਵਿਦਿਆ ਨਹੀਂ ਵਿਦਿਆ ਬਿਨਾਂ ਧਨ ਨਹੀਂ ਬਿਨਾਂ ਧਨ ਦੇ ਕੋਈ ਮਿਤਰ ਨਹੀਂ ਮਿਤ੍ਰਦੇਬਿਨਾਂਬਲ ਕਿਥੇਹੈ।

**ਤਬ ਲਗ ਹੀਗੁਣਗੌਰਤਾਜਬਲਗਕਹੇਨਦੇਹ॥ ਦੇਹ ਕਹੇ ਤੇ ਖੇਹ ਸਭ ਗੁਣਗੌਰਵਪਿਠਦੇਹ॥੫॥**

ਤਦੋਂ ਤਕ ਹੀ ਗੁਣ ਅਤੇ ਵਡਿਆਈ ਹੈ ਜਦ ਤਕ 'ਮੈਨੂੰ ਦੇਹ' ਨਹੀਂ ਕੈਂਹਦਾ ਦੇਹ ਕਹੇ ਤਾਂ ਸਭ ਕੁਛ ਖੇਹ ਹੋਜਾਂਦਾ ਹੈ ਗੁਣ ਅਤੇ ਵਡਿਆਈ ਪਿਠ ਦੇ ਜਾਂਦੇ ਹਨ।

**ਮੰਤ੍ਰੌਖਧਿਸਿਧਿਅਵਧਧਨਮੈਥੁਨ ਦਾਨ ਕੁਸੇਵ ॥ ਦੂਰਭੋਜਨਇਨਨਵਨਕੋਬੁਧਿਨਪ੍ਰਗਟਕਰੇਵ॥੬।**

ਮੰਤ੍ਰ - ਸਿਧ - ਸ਼ਹਤ੍ਰ - ਧਨ ਕਾਂਮ–ਦਾਂਮ ਖੋਟੀ ਸੇਵਾ ਭੈੜਾ ਭੋਜਨ ਏਹਨਾਂ ਨਵਾਂ ਨੂੰ ਬੁਧੀਵਾਨ ਨਾਂ ਕਰੇ।

**ਅਰਥਨਾਸਮਨਤਾਪਹੈਦੂਰਚਰਿੱਤ੍ਰਗ੍ਰਿਹ ਮਾਹਿ॥ ਮਾਨ ਭੰਗ ਬੰਚਨ ਕਹੂੰਧੀਰ ਪਾਚ ਕਹਿ ਨਾਹਿ॥**

ਧਨ ਨਾਸ ਹੋ ਗਿਆ ਹੋਵੇ ਮਨ ਦੁਖੀ ਹੋਵੇ ਘਰ ਵਿਚ ਖੋਟਾ ਕੰਮ ਹੋਵੇ ਕਿਧਰੇ ਨਿਰਾਦਰੀ ਹੋਵੇ ਕਿਧਰੇ ਠੱਗੀ ਹੋਵੇ ਏਹਨਾਂ ਪੰਜਾਂਨੂੰ

ਧੀਰਜਵਾਨ ਕਦੀ ਨ ਕਹੇ।

**ਕਾਰ ਦਾਰ ਮੈਥੁਨ ਕਰਜ ਗਾਰਭ ਚਾਰ ਜੋ ਏਹ॥**
**ਪ੍ਰਥਮੇ ਸੁਖ ਪ੍ਰਾਪਤ ਕਰੇਂ ਪਾਛੇ ਬਹੁ ਦੁਖ ਦੇਹ॥੯॥**

ਬਾਣੇਦਾਰੀ ਕਾਮ ਕਰਜ਼ਾ ਗਰਭ ਏਹ ਚਾਰ ਜੋ ਹਨ ਪੈਹਲਾਂ ਸੁਖ ਦੇਂਦੇ ਹਨ ਅਤੇ ਪਿਛੋਂ ਦੁਖ ਦੇਂਦੇ ਹਨ।

**ਸੂਪਕਾਰਕਵਿ ਬੈਦ ਨ੍ਰਿਪ ਸਸਤ੍ਰੀ ਮਰਮੀਜਾਨ॥**
**ਸ੍ਵਾਮਿਬੰਦਿਨੀਮੁਗਧਨਰਮਤਕੁਪਾਇਮਤਿਮਾਨ॥**

ਰਸੋਈ ਕਰਨ ਵਾਲਾ, ਕਵੀਸ਼ਰ ਵੈਦ, ਰਾਜਾ ਸ਼ਸ਼ਤ੍ਰਧਾਰੀ ਅਤੇ ਭੇਦ ਦੇ ਜਾਨਣ ਵਾਲਾ ਅਤੇ ਜਿਸਨੂੰ ਮਾਲਕ ਸਵਾਮੀ ਬਦਨਾ ਪਾਏ ਮੂਰਖ ਪੁਰਸ਼ ਏਹਨਾਂ ਨੂੰ ਬੁਧੀਜਨ ਕਦੇ ਭੀ ਕ੍ਰੋਧੀਨਾ ਹੋਣ ਦੇਵੇ।

**ਅਰਥ ਪਤੀ ਨ੍ਰਿਪ ਅਤਿਤਪੀਵਿਦਯਾਦਿਕ ਸਠ ਮਾਹਿ॥ਵਿਦੁਖਗੁਰੂ ਅਰਿਅਸਟ ਕੋ ਧੀਰੋਤਰਦੇ ਨਾਹਿ ॥** ਧਨ ਪਾਤ੍ਰ ਰਾਜਾ ਅਤੀ ਤਪੀ ਵਿਦਵਾਨ ਮੂਰਖ ਪੰਡਤ ਗੁਰੂ ਏਹਨਾਂ ਅਠਾਂ ਨੂੰ ਧੀਰਜ ਵਾਲਾ ਪੁਰਸ਼ ਉਤਰ ਨਾ ਦੇਵੇ।

**ਬਰ ਬਿਚਾਰ ਬਿੱਦਯਾ ਹੁਤੇ ਬੁਧਿ ਬਿਨ ਵਿਦਯਾ ਨਾਸ ॥ ਬਿਨ ਬਿਚਾਰ ਜਯੋਂ ਕਾਰਕੋ ਕੇਹਰ ਕਰਯੋ ਬਿਨਾਸ॥ ੧੧ ॥**

ਵਿਚਾਰ ਵਿਦਯਾ ਤੋਂ ਬਲਵਾਨ ਹੈ ਬੁਧੀ ਬਿਨਾਂ ਵਿਦਯਾ ਨਾਸ ਹੋ ਜਾਂਦੀ ਹੈ ਜਿਵੇਂ ਬਿਨਾ ਵਿਚਾਰ ਦੇ ਸ਼ੇਰ ਦੇ ਬਚੌਣ ਵਾਲੇ ਨੂੰ ਸ਼ੇਰ ਨੇ ਮਾਰ ਸੁਟਿਆ ਸੀ।

**ਜਿਹਬਿਚਾਰਹੈਬਲਤਿਸੇਬਿਨਬਿਚਾਰਬਲਨਾਹਿ**

**ਇਕਪ੍ਰਮਤਨਾਹਰਬਨੇਸਸੇ ਬਿਨਾਸਯੋ ਤਾਹਿ ॥**

ਜਿਸ ਵਿਚ ਵਿਚਾਰ ਹੈ ਤਿਸ ਵਿਚ ਬਲ ਹੈ ਬਿਨਾ ਵਿਚਾਰਦੇ ਬਲ ਨਹੀਂ ਜਿਵੇਂ ਇਕ ਸਹੇ ਨੇ ਸ਼ੇਰ ਨੂੰ ਵਿਚਾਰ ਦੁਆਰਾ ਖੂਹ 'ਦੇ ਵਿਚ ਮਾਰਕੇ ਸੁਟ ਦਿਤਾ ਸੀ।

**ਦੁਵੈਯਾ ਛੰਦ ॥ਰਿਣਰਿਪੁ ਅਗਨਿ ਤ੍ਰਿਨਾਸ ਮਝਾਰੀ ਕਰੈ ਬਿਲਮ ਨਹਿ ਸਮਾ ਪਛਾਨ॥**

ਕਰਜ-ਵੈਰੀ-ਅਗ ਏਹਨਾਂ ਤਿੰਨਾਂ ਨੂੰ ਸਮਾਂ ਪਛਾਣਕੇ ਨਾਸ ਕਰਦਿਆਂ ਦੇਰ ਨਾ ਲਾਓ।

**ਕੰਨਯਾਦਾਨੇਧਰਮਾਰੰਭੇਵਿਦਯਾਪਢਨੇਧਨ**ਕੇਲਯਾਨ

ਕੰਨਯਾਂ ਦਾਨ, ਧਰਮ ਦਾ ਅਰੰਭ ਵਿਦਿਆ ਪੜਨ ਧਨ ਦੇ ਲਿਆਣ ਵਿਚ।

**ਅਵਸਰ ਦੇਖ ਪਦਾਰਥ ਚਾਰੋਂ ਕਰੇ ਸੀਘ੍ਰ ਜੋ ਸੋ ਬੁਧਿਮਾਨ।**

ਸਮਾਂ ਵੇਖਕੇ ਜੋ ਬੁਧੀਜਨ ਛੇਤੀ ਕਰਦਾ ਹੈ ਸੋ ਵਿਚਾਰਵਾਨ ਹੈ।

**ਖਿਣ ਖਿਣ ਖੀਣ ਕਾਲ ਤਨ ਕਰ ਹੈ ਭਲੋ ਕਾਲ ਫਿਰ ਮਿਲੈ ਨ ਪਾਨ॥ ੧੩ ॥**

ਪਲ ਘੜੀ ਵਿਚ ਕਾਲ ਨਾਸ ਕਰ ਦੇਂਦਾਹੈ ਫੇਰ ਸ਼ੁਭ ਵੇਲਾ ਹਥ ਨਹੀਂ ਆਉਣਾ।

**ਦੋਹਰਾ॥ ਨਾਰਿ ਕਲਹਿਣੀ ਗ੍ਰਾਮ ਘਰ ਦੇਹ ਦੁਖੀ ਨ੍ਰਿਪ ਨੀਚ॥ ਪਰਵਸ ਪਾਂਚੋਂ ਨਰਕ ਕੋ ਜੀਵਤ ਹੀ ਹੈ ਮੀਚ॥ ੧੪ ॥**

ਇਸਤ੍ਰੀ ਕਲੈਹਣੀ ਹੋਵੇ ਪਿੰਡ ਵਿਚ ਘਰ ਹੋਵੇ ਦੇਹ ਦੁਖੀ ਹੋਵੇ ਰਾਜਾ ਨੀਚ ਹੋਵੇ। ਪਰਵਸ ਹੋਵੇ, ਏਹ ਪੰਜ ਮਨੁਖ ਹਨ ਜਿਉਂਦਿਆਂ ਹੀ ਮੌਤ ਵਾਕਰ ਹੈ।

**ਇਕ ਨਰਾਜ ਏਕੋ ਛਪਾ ਏਕ ਦੁਵੈਯਾ ਛੰਦ॥**
**ਸੰਕਰ ਦੋਹੇ ਸੰਕਰੀ ਚੋਦਸ ਛੰਦਾ ਨੰਦ॥ ੧੫॥**

ਇਕ ਨਰਾਜ ਇਕ ਛਪਾ ਇਕ ਦੁਵੈਯਾ ਛੰਦ ੧੧ ਦੋਹਰੇ ਚੌਦਾਂ ਹੀ ਛੰਦ ਅਨੰਦ ਦਾਇਕ ਹਨ।

**ਇਤਿਸ੍ਰੀਸਾਰੁਕਤਾਵਲੀਤ੍ਰਿਹਚੋਦਸਅਧਯਾਇ॥**
**ਸਿਖਯਾਵਰਨੀਤਾਸਮੈਂਕਵਿਹਰਿਦਯਾਲਸੁਭਾਇ**

ਸਾਰਕੁਤਾਵਲੀ ਦਾ ਚੌਥਾ ਧਿਆਇ ਸਮਾਪਤ ਹੋਇਆ ਜਿਸ ਵਿਚ ਕਵੀ ਹਰਦਿਆਲ ਜੀ ਨੇ ਸਿਖਿਆ ਦਾ ਵਰਨਣ ਕੀਤਾ ਹੈ।

## ਅਥ ਪੰਦ੍ਰਵਾਂ ਅਧਿਆਯ

**ਦੋ:॥ਅਬ ਪੰਦ੍ਰਸਅਧਯਾਇਮੈਂਮਿਸ੍ਰਤਇਕੀਛੰਦ॥**
**ਪਟਹ੍ਰੈਸਭ ਘਟ ਮੈਂ ਠਟੈ ਇਤ ਉਤ ਮੈ ਆਨੰਦ॥**

ਪੰਦਰਵਾਂ ਧਿਆਇ ਸ਼ੁਰੂ ਹੋਇਆ ਜਿਸਦੇ ਰਲੇ ਮਿਲੇ ਇਕੀ ਛੰਦ ਹਨ ਮੂਰਖ ਭੀ ਚਿਤ ਵਿਚ ਧਰੇ ਤਾਂ ਚਤਰ ਹੋਵੇਗਾ ਅਤੇ ਲੋਕ ਪਰਲੋਕ ਵਿਚ ਸੁਖ ਮਿਲੇਗਾ।

**ਨਰਾਜ ਛੰਦ॥ ਪਤਾਲ ਮੈ ਪ੍ਰਵੇਸ ਇੰਦ੍ਰ ਲੋਕ ਮੈ ਪ੍ਰਵੇਸ ਹੈ॥**

ਮਨੁਸ਼ ਪਤਾਲ ਵਿਚ ਜਾਏ ਇੰਦਰ ਲੋਕ ਵਿਚ ਜਾਏ।

**ਗਿਰਿੰਦ ਜੋ ਸੁਮੇਰ ਚਾਹੁ ਤਾਹਿ ਪੈ ਨਿਵੇਸ ਹ੍ਰੈ॥**

ਭਾਵੇਂ ਸੁਮੇਰ ਪਰਬਤ ਤੇ ਵਾਸਾ ਕਰੇ।

**ਜੁਮੰਤ੍ਰ ਭੇਖਜੰ ਕਰੇ ਬਿਆਧ ਹਾਰ ਕਾਰਨੰ॥**

ਮੰਤਰ ਜਾਣਦਾ ਹੋਵੇ ਦੁਆਈਆਂ ਕਰਦਾ ਹੋਵੇ।

**ਜੁਹੋਣ ਹੈ ਸੁ ਹੋਇ ਅਤ੍ਰ ਹੇਤ ਨ ਬਿਚਾਰਨੰ॥੧॥**

ਜੇਹੜੀ ਹੋਣੀ ਹੈ ਸੋ ਹੋ ਜਾਣੀ ਹੈ।

**ਦੋ:॥ਮੂਰਖਕਾਬਲਮੌਨਹੈਤਸਕਰ ਕਾ ਬਲ ਝੂਠ॥ ਦੁਰਬਲਕੋ ਬਲ ਭੂਪਹੈ ਸਿਸਬਲਰੋਵਨ ਰੂਠ॥**

ਮੂਰਖ ਦਾ ਬਲ ਚੁਪ ਹੈ ਚੋਰ ਦਾ ਬਲ ਝੂਠ ਹੈ ਗਰੀਬ ਦਾ ਬਲ ਰਾਜਾ ਹੈ ਬਚੇ ਦਾ ਰੋਣਾ ਅਤੇ ਰੁਸਣਾ ਹੈ।

**ਪ੍ਰਾਤਅੰਨਭੋਜਨਕਰਯੋਸਾਂਝਸਮੇਦੁਤਿਨਾਸ॥ਤਿਹ ਰਸਕਰਉਪਜੇਜੁ ਤਨ ਕਹਾਂ ਨਿਤਤਾ ਤਾਸ॥੩॥**

ਸਵੇਰ ਜੋ ਭੋਜਨ ਛਕਿਆ ਉਸਦਾ ਅਧਾਰ ਸਾਂਝ ਤਕ ਰਹਿੰਦਾ ਹੈ ਉਪਰੰਤ ਅਸਰ ਨਸ਼ਟ ਹੋ ਜਾਂਦਾ ਹੈ। ਏਹੋ ਜਿਹਾਂ ਅੰਨ ਦਿਆਂ ਰਸਾਂ ਦਾ ਜੋ ਸਰੀਰ ਉਤਪਤ ਹੋਇਆ ਹੈ ਉਸਦੀ ਸਿਥਰਤਾਈ ਕਿਥੇ ਹੈ।

**ਸੋਰਠਾ॥ ਸਭ ਅਨਿਤ ਹੈ ਕਾਯ ਸਭਵਿਭੂਤਿ ਖਿਨ ਭੰਗਰੀ ॥ ਨਿਕਟ ਕਾਲ ਨਿਤ ਆਇ ਧਰਮ ਸੰਗ੍ਰਹੋ ਯੋਗ ਅਬ॥ ੪॥**

ਸਾਰੀ ਕਾਇਆਂ ਨੇ ਨਾਸ ਹੋਜਾਣਾ ਹੈ ਸਾਰਾ ਧਨ ਨਾਸ ਹੋ ਜਾਣਾ ਹੈ ਕਾਲ ਨੇੜੇ ਆ ਗਿਆ ਹੈ ਹੁਣ ਧਰਮ ਕਰੋ।

**ਸਵੈਯਾ॥ ਆਧਿ ਬਿਆਧਿ ਬਿਨਾ ਤਨ ਮਾਨਸ ਮਾਨਸ ਜੋ ਅਪਨੋ ਜਬ ਹੇਰੇ॥**

ਆਪਣੇ ਸਰੀਰ ਨੂੰ ਰੋਗਤੋਂ ਬਿਨਾਂ ਆਪਣੇ ਸਰੀਰ ਨੂੰ ਜੋਮਨੁਸ਼ ਦੇਖੇ।

**ਅੰਨ ਪਟਾਦਿ ਅਨਾਥਨ ਕੇ ਘਰ ਦ੍ਵੈ ਕਰ ਜੋਰ ਦਏ ਪੁਨ ਟੇਰੇ ॥**

ਅੰਨ ਬਸਤਰ ਆਦਕ ਗਰੀਬਾਂ ਨੂੰ ਹਥ ਜੋੜਕੇ ਦੇਵੇ।

**ਖਾਇ ਹੰਢਾਇ ਧਿਆਇ ਹਰੀ ਚਿਰ ਜੀਵਹੁ ਜੀ ਤੁਮ ਬਾਂਧਵ ਮੇਰੇ ॥**

ਅਤੇ ਕਹੇ ਹੇ ਭਰਾਉ ਖਾਉ, ਹੰਢਾਉ ਅਤੇ ਸਦਾ ਹੀ ਜੀਵੋ ਤੁਸੀਂ ਮੇਰੇ ਸਰਬੰਧੀ ਹੋ ਅਤੇ ਹਰੀ ਨੂੰ ਧਿਆਉ।

**ਤਾਸ ਅਸੀਸਹਿ ਤੇ ਜਗਦੀਸ ਕਰੇ ਮਨ ਸੁਧ ਸੁ ਸਾਂਝ ਸਵੇਰੇ ॥ ੫ ॥**

ਗਰੀਬ ਦੀਆਂ ਅਸੀਸਾਂ ਨਾਲ ਪਰਮੇਸ਼ਵਰ ਮਨ ਨੂੰ ਸੁਥ ਕਰੇਗਾ।

**ਦੋਹਰਾ॥ਗੁਣਸਫਟਕਕੋਜੋਅਹੈਵਹੀਦੋਖਕੋ ਹੇਤ॥**
**ਤੈਸੇ ਸ੍ਵਾਸ੍ਰੈ ਆਤਮਾ ਨਿਰਮਲ ਭੀ ਮਲਲੇਤ॥੬॥**

ਮਨੀ ਦਾ ਜੋ ਗੁਣ ਹੈ ਉਹ ਹੀ ਦੋਸ਼ ਦਾ ਹੇਤ ਹੈ ਜਿਵੇਂ ਨਿਰਜਲ ਆਤਮਾ ਭੀ ਮਲ ਨੂੰ ਪਰਾਪਤ ਕਰਦਾ ਹੈ।

## ਨਰਾਜ਼ ਛੰਦ

**ਜਟਾ ਨ ਗੰਗ ਇੰਦ੍ਰ ਕੋ ਸਿਵਾਰ ਧਾਰ ਧਾਰਹੋ ॥**

ਨਾਂ ਮੇਰੇ ਸਿਰਤੇ ਜਟਾਂ ਹਨ ਨਾਂ ਮੇਰੇ ਗੰਗਾ ਤੇ ਨਾਂ ਮਥੇ ਵਿਚ ਚੰਦਰਮਾ ਹੈ ਨਾ ਮੈਂ ਪਾਰਬਤੀ ਨੂੰ ਧਾਰਨ ਕੀਤਾ ਹੈ।

**ਭੁਜੰਗ ਭੰਗ ਕੋ ਅਹਾਰ ਹਾਰ ਮਾਰ ਮਾਰ ਹੋ ॥**

ਸੱਪ ਮੇਰੇ ਕੋਲ ਨਹੀਂ ਭੰਗ ਮੈਂ ਨਹੀਂ ਪੀਂਦਾ ਵਿਸ਼ਿਆਂ ਦਾ

ਧਾਰੀ ਨਹੀਂ ਕਾਮ ਦੇਵ ਨੂੰ ਜਿਤਿਆ ਹੈ ।

**ਤ੍ਰਿਸੂਲ ਡੌਰੂ ਧੂਰ ਧਾਰ ਰੁੰਡ ਮਾਲਕੰ ਬ੍ਰਿਤੰ ॥**

ਤਰਸੂਲ ਡੌਰੂ ਮੇਰੇ ਕੋਲ ਨਹੀਂ ਸੁਆਹ ਮੈਂ ਨਹੀਂ ਮਲੀ ਨਾ ਮਾਲਾ ਪਾਈ ਹੈ ।

**ਇਤੀਵਿਭੂਤ ਵਾਰਹੋਤਥਾਪਿ ਮੈ ਸ਼ਿਵਾਕ੍ਰਿਤੰ॥੭॥**

ਸ਼ਿਵਜੀ ਐਡੀ ਬਿਭੂਤੀ ਵਾਲਾ ਹੈ ਮੈਂ ਬਿਭੂਤੀ ਵਾਲਾ ਹਾਂ ਤਾਂ ਭੀ ਮੇਰੀ ਕਲਿਆਣ ਹੈ ।

**ਸਵੈਯਾ ॥ ਏਕ ਸਰੀਰ ਸਬੰਧ ਭਏ ਜਨਮਾਂ-ਤਰ ਕੀ ਗਨਤੀ ਕਛੁ ਨਾਹੀਂ ॥**

ਇਕ ਸਰੀਹ ਦੇ ਕਾਰਣ ਅਨੇਕਾਂ ਹੀ ਜਨਮ ਪਾਈਦੇ ਹਨ ਕੁਛ ਗਿਣਤੀ ਹੀ ਨਹੀਂ ।

**ਤਾਪਰ ਜੋ ਅਨੁਰਾਗ ਕਰੇ ਸੁਤ ਮਾਤ ਪਿਤਾ ਤਰੁਨੀ ਧਨ ਮਾਹੀ ॥**

ਪਰੰਤੂ ਜੋ ਏਸ ਸਰੀਰ ਨਾਲ ਮਾਤਾ ਪੁਤਰ ਪਿਉ ਇਸਤਰੀ ਧਨ ਨਾਲ ਪਰੀਤ ਕਰਦਾ ਹੈ ।

**ਸਾਰ ਅਸਾਰ ਵਿਚਾਰਤ ਭੀ ਤਜ ਸਾਰ ਅਸਾਰ ਵਿਖੇ ਲਿਪਟਾਹੀ ॥**

ਸਾਰ ਅਸਾਰ ਨੂੰ ਵਿਚਾਰਦਾ ਹੋਇਆ ਭੀ ਸਾਰ ਛਡਕੇ ਅਸਾਰ ਵਿਚ ਮੋਹਿਆ ਹੈ ।

**ਫੇਰ ਕਹੈਂ ਹਮ ਜੀਵਨ ਮੋਖ ਸੁ ਏਹ ਕਲੂ ਕਾਲ ਕੇ ਲਖਣ ਆਹੀ ॥ ੮ ॥**

Sri Satguru Jagjit Singh Ji Elibrary NamdhariElibrary@gmail.com

ਫੇਰ ਕਹੇ ਅਸੀਂ ਜੀਵਨ ਮੁਕਤ ਹਾਂ ਅਤੇ ਵਾਹਿਗੁਰੂ ਦਾ ਭਜਨ ਨਹੀਂ ਕਰਦਾ ਏਹ ਕਲਜੁਗ ਦੇ ਲਛਣ ਹਨ।

**ਗ੍ਰੰਥ ਅਪਾਰ ਵਿਚਾਰ ਵਿਚਾਰ ਗਵਾਰ ਮਹਾ ਮਦ ਕੇ ਸੁਖ ਝੂਲਾ॥**

ਬਹੁਤ ਸਾਰੇ ਗਰੰਥਾਂ ਨੂੰ ਵਿਚਾਰਕੇ ਬੜੇ ਹੰਕਾਰ ਵਿਚ ਝੂਲ ਰਿਹਾ ਹੈ।

**ਪੰਡਿਤ ਹ੍ਵੈ ਵਿਚਰੇ ਭਵ ਮੈਂ ਨਿਜ ਪ੍ਰੋਜਨ ਡਾਰ ਦਯੋ ਅਨੁਕੂਲਾ॥**

ਪੰਡਤ ਹੋਕੇ ਵਿਚਾਰ ਕਰਦਾਹੈ ਅਪਨਾ ਮੁਕਤੀ ਦਾ ਪ੍ਰਯੋਜਨ ਛਡ ਦੇਂਦਾ ਹੈ।

**ਔਰਨ ਕੋ ਉਪਦੇਸ਼ ਬਤਾਵਤ ਆਪ ਫੰਧਯੋ ਜੈਸੇ ਗਡ ਕੋ ਜੂਲਾ॥**

ਹੋਰਨਾਂ ਨੂੰ ਉਪਦੇਸ਼ ਦੇਂਦਾਹੈ ਅਤੇ ਆਪ ਏਸ ਤਰਾਂ ਬੰਨਿਆਂ ਹੋਇਆ ਹੈ ਜਿਵੇਂ ਗਡ ਨਾਲ ਜੂਲਾ ਬੰਨਿਆਂ ਹੈ।

**ਸੁੰਦਰ ਊਪਰ ਤੇ ਵੁਹ ਦੀਸਤ ਭੀਤਰ ਯੋ ਜੈਸੇ ਕਿੰਸ ਕੁ ਫੂਲਾ॥ ੯॥**

ਉਤੋਂਉਹ ਸੁੰਦਰ ਦਿਸਦੇ ਹਨ ਪਰੰਤੂ ਵਿਚਢਾਕਦੇ ਫੁਲ ਸਮਾਨ ਹੈ।

**ਦੇਹ ਸਿੰਗਾਰ ਅਹਾਰ ਰਜੋ ਗੁਣ ਮੂੜ੍ਹਨ ਸੰਗ ਵਿ ਚਿਤ੍ਰਤ ਮੰਦਰ॥**

ਦੇਹ ਦਾ ਸ਼ਿੰਗਾਰ ਰਜੋ ਗੁਣ ਅਨੇਕ ਪਰਕਾਰ ਦੇ ਮੰਤਰ ਏਹ ਮੂਰਖ ਦਾ ਸ਼ਿੰਗਾਰ ਹੈ।

**ਨਾਰ ਨਿਰੂਪਨ ਕਾਵਯ ਜੋ ਹੈਂ ਪੁਨ ਮੈਥੁਨ**

Sri Satguru Jagjit Singh Ji Elibrary NamdhariElibrary@gmail.com

**ਆਠ ਜੁ ਗ੍ਰੰਥਨ ਅੰਦਰ ॥**

ਇਸਤ੍ਰੀਆਂ ਦੀਆਂ ਕਥਾਂ ਪੜ੍ਹਨੀਆਂ ਗ੍ਰੰਥਾਂ ਵਿਖੇ ਜੋ ਅਠ ਪ੍ਰਕਾਰ ਦਾ ਕਾਮ ਹੈ।

**ਕਾਮਨਿ ਕੋ ਫਲ ਦੇਵਨ ਲੇਵਨ ਕੰਦ੍ਰਪ ਕ੍ਰੋਧ ਲੋਭਾਦਿ ਕਲੰਦਰ ॥**

ਕਾਮ ਦੇਣਾ-ਲੈਣਾ ਕਾਮ ਕਰੋਧ ਲੋਭ ਆਦਿਕ ਏਹ ਕਲੰਦਰ ਹਨ।

**ਜੋ ਬਡ ਭਾਗ ਵਿਰਾਗ ਚਹੇ ਤਬ ਤ੍ਯਾਗ ਦਏ ਇਤਿਆਦਿਕ ਸੁੰਦਰ ॥ ੧੦ ॥**

ਜੋ ਵਡਿਆਂ ਭਾਗਾਂ ਵਾਲਾ ਵੈਰਾਗ ਚਾਹੁੰਦਾ ਹੈ ਉਹ ਇਤਿ-ਆਦਿਕ ਸੁੰਦਰ ਪਦਾਰਥ ਸਭ ਤਿਆਗ ਦੇਵੇ।

**ਕਾਮ ਕਹੈਂ ਮਮ ਰਾਖ ਤਜੇ ਤਿਨ ਕੀ ਰਖਿਆ ਤ੍ਰਿੰਨ ਦੇਵ ਕਰੈਂਗੇ॥ਜੇ ਮਮਤ੍ਯਾਗ ਕੁ ਭੂਮਿਬਿਖੈ ਤ੍ਰਿੰਨਦੇਵ ਕੁਪੈਂ ਤਿਨ ਸੂਖ ਹਰੈਂਗੇ॥ ਠੌਰ ਨਹੀਂ ਤ੍ਰਿੰਨ ਲੋਕ ਬਿਖੇ ਤ੍ਰਿਨਯੋਂ ਭ੍ਰਮਹੈਂ ਸ੍ਰਮ ਪੁੰਜਧਰੈਂਗੇ॥ ਜਾਰਤ ਹੈਂ ਤ੍ਰਿੰਨ ਤਾਪ ਤ੍ਰਿਨੇ ਮਮ ਧਾਰਤ ਆਰਤ ਸਿੰਧ ਤਰੈਂਗੇ ॥ ੧੧ ॥**

ਕਾਮ ਕਹਿੰਦਾ ਹੈ ਜੋ ਮੈਨੂੰ ਰਖੇਗਾ ਉਸਦੀ ਰਖਿਆ ਤਿੰਨੇ ਦੇਵਤੇ ਕਰਨਗੇ। ਅਤੇ ਜੋ ਪਰਾਈ ਥਾਂ ਤੇ ਛਡੇਗਾ ਉਸਤੇ ਤਿੰਨੇ ਦੇਵਤੇ ਕਰੋਧਵਾਨ ਹੋ ਜਾਣਗੇ ਅਤੇ ਉਸਦੇ ਸੁਖ ਨੂੰ ਖੋਹ ਲੈਣਗੇ।

ਉਸਨੂੰ ਤਿੰਨਾਂ ਲੋਕਾਂ ਵਿਚ ਥਾਂ ਨਹੀਂ ਮਿਲੇਗੀ ਅਤੇ ਤਿੰਨੇ ਹੀ ਉਸਨੂੰ ਸਾੜ ਦੇਣਗੇ ਉਹ ਸੁਕੇ ਘਾਹ ਵਾਂਗੂੰ ਦੁਖੀ ਹੋਣਗੇ।

ਤਿੰਨੇ ਤਾਪ ਉਸ ਨੂੰ ਸਾੜਨਗੇ ਅਤੇ ਜੋ ਮੈਨੂੰ ਦੁਖੀ ਹੋ ਕੇ ਰਖਣਗੇ ਉਹ ਸੰਸਾਰ ਸਮੁੰਦਰ ਤੋਂ ਤਰ ਜਾਣਗੇ।

ਭਾਵ–ਜੋ ਪੁਰਸ਼ ਆਪਣੀ ਇਸਤਰੀ ਤੋਂ ਬਿਨਾਂ ਕਿਸੇ ਹੋਰਸ ਪਾਸ ਜਾਕੇਬਦਫੈਲੀ ਕਰਦਾ ਹੈ, ਓਹ ਲੋਕ ਵਿਚ ਬਦਨਾਮਤੇ ਪ੍ਰਲੋਕ ਵਿਚ ਬਜਰ ਪਾਪੀ ਹੋਵੇਗਾ ਅਰ ਜੋ ਪੁਰਸ਼ ਨੇਕਚਲਣ ਰਹੇਗਾ ਉਸਦੀ ਸਭ ਲੋਕੀ ਉਪਮਾਂ ਕਰਨਗੇ ਤੇ ਦੇਵੀ ਦੇਵਤੇ ਭੀ ਖੁਸ਼ ਰਹਿਣਗੇ।

**ਚੰਚਲ ਸੰਗਤ ਤੇ ਚਿਤ ਚੰਚਲ ਅੰਚਲ ਦਾਗ ਲਗੇ ਕਿਲ ਖਾਸੇ ॥ ਤਾਸੋ ਕਦਾਚਿਤ ਬਾਚਤਨਾ ਅਨਥਾ ਨਹਿ ਬਾਚਤ ਕੋਟ ਕਲਾਸੋਂ ॥ ਅੰਮ੍ਰਿਤ ਪਾਨ ਕਲਾਲ ਗ੍ਰਿਹੇ ਪਰ ਜਾਨੇ ਸ਼ਰਾਬ ਸਭੀ ਅਕਲਾ ਸੋਂ ॥ ਨੀਚ ਕੀ ਸੰਗਤੇ ਮੀਚ ਭਲੀ ਪਰ ਮਾਰਥ ਬੀਚ ਬਿਰੋਧਨ ਮਾਸੋ ॥**

ਚੰਚਲ ਆਦਮੀਆਂ ਦੀ ਸੰਗਤ ਤੋਂ ਚਿਤ ਜੋ ਹੈ ਉਹ ਚੰਚਲ ਹੋਜਾਂਦਾ ਹੈ ਅਤੇ ਉਸਨੂੰ ਕਪੜੇ ਵਾਂਕਰ ਦਾਗ ਲਗ ਜਾਂਦਾ ਹੈ। ਪਰ ਇਸਤ੍ਰੀ ਨਾਲ ਕਦੀ ਨਾਂ ਬੋਲੇ ਏਹ ਝੂਠ ਨਹੀਂ ਉਹ ਕਦੇ ਨਹੀਂ ਬਚੇਗਾ ਅਰਥਾਤ ਖੋਟੀ ਸੰਗਤ ਦਾ ਫਲ ਤੁਰਤ ਹੀ ਹੁੰਦਾ ਹੈ ਸੋ ਖੋਟੀ ਸੰਗਤ ਤੋਂ ਬਚਣਾ ਚਾਹੀਏ। ਸ਼ਰਾਬੀ ਦੇ ਘਰੋਂ ਭਾਵੇਂ ਅੰਮ੍ਰਤ ਪੀਕੇ ਆਵੇ ਪਰ ਉਸ ਨੂੰ ਕੈਹਣਗੇ ਕਿ ਸ਼ਰਾਬ ਪੀਤੀ ਹੈ।

ਨੀਚ ਦੀ ਸੰਗਤ ਨਾਲੋਂ ਮੌਤ ਚੰਗੀ ਹੈ ਜੋਕਿ ਪ੍ਰਮਾਥਮ ਵਿਖੇ ਕੋਈ ਰੁਕਾਵਟ ਤਾਂ ਨਹੀਂ ਪਾਉਂਦੀ।

ਭਾਵ–ਪੁਰਸ਼ ਨੂੰ ਚਾਹੀਏ ਕਿ ਨੀਚਾਂ ਦੀ ਸੰਗਤ ਤੋਂ ਬਚਕੇ ਰਹੇ, ਅਰ ਭਲਿਆਂ ਦੀ ਸੋਹਬਤ ਕਰੇ। ਮਰਨਾ ਕਬੂਲ ਕਰੇ ਪਰੰਤੂ ਨੀਚ ਸੰਗਤ ਕਦੇ ਨਾ ਕਰੇ।

Sri Satguru Jagjit Singh Ji Elibrary NamdhariElibrary@gmail.com

**ਸੁਧੀ ਨ ਕਬੀ ਪਰ ਹੈ॥ਮਦ ਪਾਨ ਸਮਾਨ ਧਿਆਨ ਤਿਸੇ ਹਰਿਦਜ਼ਾਲ ਕਹੇ ਬਿਖ ਕੋ ਸਰ ਹੈ ॥ ਜਿਹ ਹੇਰਨ ਤੇ ਹਿਰਦਾ ਹਲ ਹੈ ਪ੍ਰਸਨੋਤਰ ਤੇ ਉਰਕੋ ਫਰ ਹੈ ॥ ਖਲ ਚੰਚਲਸੰਗਤ ਵਾਗ ਹਿਮਾਂਚਲ ਜੋਪਰ ਹੈਗਰ ਹੈ ਗਰ ਹੈ ॥**

ਇਸਤਰੀਆਂ ਦੇ ਕੋਲ ਹੁੰਦਿਆਂ ਮਨ ਨੂੰ ਮੈਲ ਲਗਦੀ ਹੈ ਤਿਸ ਵਾਸਤੇ ਕਦੀ ਨਾ ਜਾਏ

ਜਿਵੇਂ ਸ਼ਰਾਬ ਪੀਣ ਤੋਂ ਮਨੁਸ਼ ਕਮਲਾ ਹੋਜਾਂਦਾ ਹੈ ਇਵੇਂ ਹੀ ਨਾਰੀ ਦੇ ਦੇਖਣ ਤੋਂ ਆਪਾ ਭੁਲ ਜਾਂਦਾ ਹੈ ਸੋ ਏਹ ਬਿਖ ਦਾ ਤਲਾ ਹੈ ।

ਜਿਸ ਦੇ ਦੇਖਿਆਂ ਮਨ ਡੋਲਦਾ ਹੈ ਗਲ ਕੀਤਿਆਂ ਤਾਂ ਹਿਰਦੇ ਨੂੰ ਹੀ ਫੜ ਲਊਗੀ । ਨਿਸਚੇ ਕਰੋ । ਨਾਰ ਦੀ ਸੰਗਤ ਹਿਮਾਲਾ ਪਹਾੜ ਵਾਂਕੁਰ ਹੈ ਜੋ ਸੰਗਤ ਕਰੇਗਾ ਸੋ ਗਲ ਜਾਏਗਾ ।

**ਰਘੁਬੀਰ ਰਿਦੈ ਹਮ ਜਾਨਝ ਭੀ ਭਵ ਭੋਗ ਸਰੋਗਬੁਰੇ ਤੇ ਬੁਰੇ ॥ ਪਰ ਪੂਰਬ ਪਾਪਨ ਕੇ ਬਲ ਤੇ ਮਨ ਮੋਰ ਪਦਾਰਥ ਓਰਢੁਰੇ॥ ਹਮ ਮੋਰਤ ਜੋਰਤ ਨਾ ਰੁਚਿ ਸੋਂ ਮੁਰ ਹੈ ਵਿਖਿਓਂ ਮਹਿ ਫੇਰ ਜੁਰੇ॥ਬਹੁ ਬਾਰ ਜੁਹਾਰ ਹਰੀ ਵਰ ਦੈ ਤਵ ਛੋਰ ਕਹੂੰ ਨਹਿ ਚਿੱਤ ਫੁਰੇ ॥**

ਹੇ ਵਾਹਿਗੁਰੂ ਅਸੀਂ ਰਿਦੇ ਕਰ ਕੇ ਜਾਣਦੇਹਾਂ ਕਿ ਸੰਸਾਰ ਦੇ ਭੋਗ ਬੁਰੇ ਹਨ ।

ਪਰ ਪੂਰਬਲੇ ਜਨਮਾਂ ਕਰਕੇ ਮੇਰਾ ਮਨ ਪਦਾਰਥਾਂ ਦੇ ਪਾਸੇ ਵਲ ਜਾਂਦਾ ਹੈ। ਮੈਂ ਮੋੜਦਾ ਹਾਂ ਪ੍ਰੀਤੀ ਨਾਲ ਨਹੀਂ ਜੋੜਦਾ ਪਰ ਫਿਰ ਵਿਸ਼ਿਆਂ ਵਿਚ ਜੁੜਜਾਂਦਾ ਹੈ।

ਬਹੁਤ ਵੇਰ ਨਮਸਕਾਰ ਹੈ ਹੇ ਹਰੀ ਕਿ ਮੈਂ ਤੇਰੇ ਨਾਮ ਨੂੰ ਛਡ ਕੇ ਵਿਸ਼ਿਆਂ ਵਿਚ ਨਾ ਲਗਾਂ

**ਰੁਆਲ ਛੰਦ ॥ ਤਨ ਰਥ ਮਨ ਰਥ ਵਾਹੀ ਜਾਨੋ ਪਰਬਲ ਦੁਸਟ ਇੰਦ੍ਰੈ ਹੈਂ ਘੋਰੇ ॥**

ਸਰੀਰ ਰਥ ਮਨ ਰਥਵਾਹੀ ਜਾਣੋ ਏਹ ਦਸੇ ਇੰਦਰੇ ਦੁਸ਼ਟ ਘੋੜੇ ਹਨ ।

**ਮਨ ਰਥਵਾਹੀ ਇੰਦ੍ਰਯ ਅਸਨ ਸੁਭ ਮਾਰਗ ਮੈਂ ਲਬ ਕਰ ਟੋਰੇ ॥**

ਮਨ ਰਥਵਾਹੀ ਹੈ ਇੰਦਰੇ ਘੜੇ ਹਨ ਬਲ ਦਵਾਰਾ ਸਭ ਮਾਰਗ ਵਲ ਟੋਰੇ ।

**ਸੋਭਤ ਦੇਹ ਸਿਯੰਦਨ ਮਹਿ ਜੀਵਾਤਮ ਕੋ ਪਰਮਾਤਮ ਜੋਰੇ ॥**

ਦੇਹ ਰੂਪੀ ਰਥ ਵਿਚ ਸੁਭਾਇਮਾਨ ਹੋਕੇ ਸੰਸਾਰ ਵਿਚ ਜੀਵ ਆਤਮਾ ਨੂੰ ਈਸ਼ ...ਲ ਜੋੜੇ ।

**ਪੂਰਨ ਕਾਮ ਸ੍ਵਾਮਿ ਭਵ ਬਿਸਨੁ ਵਹੀ ਜੋ ਦੁਬਿਧਾ ਛੋਰੇ॥੧੫॥**

ਪੂਰਨਕਾਮਨਾ ਦੇ ਕਰਨ ਵਾਲਾ ਉਹ ਹੀ ਵਿਸ਼ਨੂ ਸੁਆਮੀ ਹੈ ਜਿਹੜਾ ਦੁਬਿਧਾ ਨੂੰਛਡੇ

**ਕਬਿੱਤ ॥ ਪੁੰਨਨ ਕੋ ਆਰੀ ਹੈ ਕਿ ਪਾਪਨ ਕੀ ਕਯਾਰੀ ਹੈਕਿ ਕੀਰਤ ਕੁਹਾਰੀ ਹੈ ਕਿ ਧਨ ਕੇ ਕਟਾਰੀ ਹੈ॥**

ਪੁੰਨਾਂ ਵਾਸਤੇ ਆਰੀ ਹੈ ਾਪਾਂ ਦੀ ਕਿਆਰੀ ਹੈ ਜੱਸ ਲਈ ਕੁਹਾੜੀ ਹੈ ਧਨ ਲਈ ਕਟਾਰੀ ਹੈ।

**ਸਾਂਤਿ ਕੋ ਬੁਹਾਰੀ ਹੈ ਕਿ ਕ੍ਰਾਂਤਿ ਕੋ ਕੁਠਾਰੀ ਹੈ ਕ੍ਰਿਤਾਂਤ ਦੂਤੀ ਭਾਰੀ ਹੈ ਕਿ ਕੁਲ ਕੋ ਅੰਗਾਰੀ ਹੈ।**

ਸ਼ਾਂਤੀ ਦੇ ਲਈ ਝਾੜੂ ਹੈ ਸੁੰਦਰਤਾ ਲਈ ਕੁਹਾੜੀ ਹੈ ਨਰਕਦੇਣ ਵਾਲੀ ਦੂਤੀ ਹੈ ਵਡੀ ਕੁਲ ਲਈ ਅੰਗਿਆਰੀ ਹੈ।

**ਚਿੰਤਾ ਮਹਿਤਾਰੀ ਹੈ ਕਿ ਛਲ ਮੈਂ ਮਦਾਰੀ ਹੈ ਕਿ ਰੋਗ ਕੀ ਪਿਟਾਰੀ ਹੈ ਕਿ ਕਲੈ ਕੀ ਦੁਆਰੀ ਹੈ ॥**

ਚੈਂਤਾਂ ਦੀ ਮਾਂ ਹੈ ਮਦਾਰੀ ਵਾਂਗੂੰ ਛਲਦੀ ਹੈ ਰੋਗ ਦੀ ਪਟਾਰੀ ਹੈ ਕਲੈ ਦਾਮੂਢ ਹੈ।

**ਗੁਣ ਕੂਪ ਘਾਰੀ ਹੈ ਕਿ ਗਯਾਨ ਬਾਟ ਪਾਰੀ ਐਸੀ ਨਾਰੀ ਬਿਭਚਾਰੀ ਯਾਂਤੇ ਰਾਖੈ ਗਿਰਧਾਰੀ ਹੈ।**

ਗੁਣ ਲਈ ਖੂਹ ਦੀ ਘਾਰੀ ਹੈ ਕਿ ਗਿਆਨ ਰੂਪੀ ਰਾਹ ਨੂੰ ਮਾਰਦੀ ਹੈ ਇਹੋ ਜਹੀ ਨਾਰ ਤੋਂ ਪਰਮੇਸ਼ਰ ਬਚਾਏ।

ਭਾਵ ਬੇ ਧਰਮੀ ਇਸਤਰੀ ਜੋ ਆਪਣੀ ਆਯੂ ਇਧਰ ਉਧਰ ਫਿਰਕੇ ਹੀ ਗੁਜਾਰਦੀ ਹੈ ਉਸ ਉਪਰ ਕਦੇ ਭਰੋਸਾ ਨਹੀਂ ਕਰਨਾ ਚਾਹੀਦਾ ਕਿਉਂਕਿ ਇਹੋਜਹੀਆਂ ਇਸਤਰੀਆਂ ਆਪ ਤਾਂ ਡੁਬੀਆਂ ਹਨ ਅਰ ਹੋਰਨਾਂ ਨੂੰ ਭੀ ਡੋਬਦੀਆਂ ਹਨ।

ਕਵੀ ਜੀ ਦਾ ਇਸਤਰੀ ਨਿੰਦਿਆ ਕਰਨ ਤੋਂ ਭਾਵ ਨਹੀਂ ਕਿ ਇਸਤਰੀ ਜਾਤੀ ਹੀ ਸਭ ਉਪਾਧੀ ਦਾ ਕਾਰਨ ਹੈ, ਇਥੇ ਉਹਨਾਂ ਵਿਭਚਾਰਨ ਇਸਤਰੀਆਂ ਤੋਂ ਭਾਵ ਹੈ ਜੋ ਹੋਣੀ ਰੂਪ ਹੋਕੇ ਫਿਰਦੀਆਂ ਰਹਿੰਦੀਆਂ ਹਨ।

**ਕੌਤਕ ਨਮਿਤ ਕਹੂੰ ਜਨ ਜਿੰਨ ਮੋਲ ਲੀਨੋ ਗੁਣਾ ਗੁਣ ਚੀਨੋ ਖੇਦ ਮੋਦ ਭਯੋ ਜੀਨੋ ਹੈ ॥**

ਇਕ ਜੋ ਸ਼ਾਹੂਕਾਰ ਨੇ ਜਿੰਨ ਮੁਲ ਲੀਤਾ ਅਤੇ ਉਸ ਦੇ ਗੁਣ ਔਗਣ ਸਭ ਜਾਣ ਲਏ ਗੁਣਾਂ ਕਰਕੇ ਤਾਂ ਖੁਸ਼ੀ ਹੋਇਆ ਪਰ ਔਗਣਾਂ ਕਰਕੇ ਦੁਖੀ ਹੋ ਗਿਆ।

**ਕਹੈ ਕਾਮ ਔਖੋ ਝਟ ਪਟ ਕਰ ਦੇਤ ਸੌਖੋ ਭਯੋ ਧੋਖੋ ਭਾਰੀ ਮਨ ਸੁਤਾ ਮੰਤ੍ਰ ਲੀਨੋ ਹੈ ॥**

ਜੋ ਕੰਮ ਕਹੇ ਉਹ ਝਟ ਕਰ ਦੇਵੇ ਫੇਰ ਜੇ ਹੋਰ ਕੰਮ ਨਾ ਦੇਵੇ ਤਾਂ ਸ਼ਰਤ ਮੁਤਾ-

Sri Satguru Jagjit Singh Ji Elibrary NamdhariElibrary@gmail.com

ਬਕ ਉਸਨੂੰਖਾਣ ਵਾਸਤੇ ਆਵੇ ਉਪਰੰਤ ਘਰ ਆਕੇ ਆਪਣੀ ਪੁਤਰੀ ਤੋਂ ਸਲਾਹ ਲਈ

ਅਗ੍ਰ ਗਾਡੀ ਦਾਰ ਗੁਰ ਯਾਪੈ ਰੇ ਚੜ੍ਹੋਤਰ ਤੂੰ ਕਹਯੋ ਧਨੀ ਮਾਨਯੋ ਯਾਂਤੇ ਭੂਤ ਬਲ ਖੀਨੋ ਹੈ॥

ਵੇਹੜੇ ਵਿਚ ਵਾਂਸ ਗਡਾ ਦਿਤਾ ਅਤੇ ਕਿਹਾ ਏਸ ਤੇ ਚੜ੍ਹੋ ਉਤਰੋ ਉਸਨੇ ਇਵੇਂ ਹੀ ਕੀਤਾ ਅਤੇ ਜਿੰਨ ਦਾ ਬਲ ਦੂਰ ਹੋ ਗਿਆ।

ਕੈ ਸਰੂਪ ਲਾਵੈ ਕੈ ਸਰੂਪ ਗੀਤ ਗਾਵੈ ਐਸੇ ਸੰਤ ਜਨੋਂ ਨਿਜ ਮਨ ਭੂਤ ਬਸ ਕੀਨੋ ਹੈ॥ ੧੭ ॥

ਇਸੇਤਰਾਂ ਸੰਤ ਮਹਾਤਮਾ ਜਦਾਂ ਭੀ ਵੇਹਲੇ ਹੋਣ ਉਹਦੋਂ ਹੀ ਸੁਰੂਪ ਦੇ ਗੀਤ ਗਾਉਂਦੇ ਅਤੇ ਸਰੂਪ ਵਿਚ ਬਿਰਤੀ ਲਾਉਂਦੇਹਨ ਏਸਤਰੀਕੇ ਸੰਤਜਨਾਂਨੇ ਮਨਭੂਤ ਵਸਕੀਤਾ ਹੈ।

ਦੋਹਰਾ ॥ ਰਘੁ ਪਤਿ ਗਣ ਪਤਿ ਵਾਕ ਪਤਿ ਤਿਨ ਪ੍ਰਤਿ ਨਿਤ ਪ੍ਰਤਿ ਬੰਦ ॥ ਜਾਹਿ ਕ੍ਰਿਪਾ ਪ੍ਰਤਿ ਬੰਧ ਗਣ ਪ੍ਰਤਿ ਹਤਿਭਏਕਮੰਦ॥ ੧੮ ॥

ਰਾਮ ਚੰਦਰ ਗਨੇਸ਼ ਸੁਰਸੱਤੀ ਤਿੰਨਾਂ ਤਾਈਂ ਮੇਰੀ ਬੰਦਨਾ ਹੈ ਜਿੰਨਾਂ ਦੀ ਕਿਰਪਾ ਤੋਂ ਸਭ ਤਾਪ ਨਾਸ ਹੋਏ ਹਨ।

ਸਭਾ ਜਿਤ ਪਰਤਾਪ ਤੇ ਸਭਾ ਜਿਤ ਪਰ ਆਪ ॥ ਸਭਾ ਜਿਤ ਕੋ ਢਾਪ ਹੈ ਸਭਾ ਜਿਤ ਕੋ ਜਾਪ ॥ ੧੯ ॥

ਏਸ ਸਭਾਜਿਤ ਦੇ ਪਰਤਾਪ ਤੋਂ ਪਰਾਈ ਸਭਾ ਜਿਤੀ ਜਾਂਦੀ ਹੈ ਸਭਾਜਿਤ ਜਪ ਕੇ ਦੂਜੀ ਸਭਾ ਨੂੰ ਦਬਾ ਲੈਂਦਾ ਹੈ।

ਕਬਿਤ ॥ ਤਨ ਕੋ ਪਵਿਤ੍ਰ ਕਰ ਮਨ ਕੋ ਪਵਿਤ੍ਰ ਕਰ ਤੀਰਥ ਸਨਾਨ ਕੇ ਜਹਾਨ ਜਸ ਜਾਨ ਹੈ॥

ਤਨ ਨੂੰ ਪਵਿਤਰ ਕਰਦਾ ਹੈ ਮਨ,ਨੂੰ ਪਵਿਤਰ ਕਰਦਾ ਹੈ. ਤੀਰਥ ਅਸ਼ਨਾਨ ਦਾ ਜਸ ਸਾਰਾ ਜਹਾਨ ਜਾਣਦਾ ਹੈ।

ਮਨ ਕੋ ਵਿਸੁਧ ਕਰ ਜੀਵ ਕੋ ਪ੍ਰਬੁਧ ਕਰ ਤੀਰਥੋਂ ਕੋ ਜਸ ਕਾ ਭੀ ਗ੍ਰੰਥੋਂ ਦ੍ਵਾਰਾਂ ਗਯਾਨ ਹੈ॥

ਮਨ ਸ਼ੁਧ ਕਰਦਾ ਹੈ ਜੀਵ ਚੇਤਨ ਕਰਦਾ ਹੈ ਤੀਰਥਾਂ ਦਾ ਜਸ ਵੇਦਾਂ ਗਰੰਥਾਂ ਦਵਾਰਾ ਪਰਕਾਸ਼ ਹੈ।

ਤਾਤੇ ਸਭਾ ਜਿਤ ਗ੍ਰੰਥ ਹਰਿ ਦਯਾਲ ਮੋਖ ਪੰਥ ਭੇਦੇ ਚਿਦ ਜੜ ਗ੍ਰੰਥ ਜਾਨੇ ਬੁਧਿਵਾਨ ਹੈ॥

ਤਾਂਤੇ ਸਭਾਜਿਤ ਗਰੰਥ ਮੋਖ ਰੂਪ ਹੈ ਚੇਤਨ ਤੇ ਜੜ ਦੀ ਗੰਢ ਖੋਹਲਦਾ ਹੈ ਇਹਨਾਂ ਨੂੰ ਸਾਰਾ ਜਹਾਨ ਜਾਣਦਾ ਹੈ।

ਜੈਸੇ ਊਚ ਨੀਚ ਮੀਚ ਕਾਂਸੀ ਬੀਚ ਮੋਖ ਲਹੇ ਤੀਨੋਂ ਦੇਵ ਵਰ ਦੀਨੋ ਸੋਹਾਂ ਤੀਨੋਂ ਮਾਨ ਹੈ ॥ ੨੦ ॥

ਜਿਵੇਂ ਊਚ ਨੀਚ ਕਾਂਸ਼ੀ ਵਿਚ ਮਰੇ ਤਾਂ ਮੁਕਤੀ ਲੈਂਦਾਹੈ ਤਿੰਨਾਂ ਦੇਵਤਿਆਂ ਦਾ ਵਰਹੈ।

ਦੋਹਰਾ ॥ ਬੇਦ ਸਾਸਤ੍ਰ ਜੁਗ ਕਾਲ ਤ੍ਰੈ ਸੁਰ ਨਰ ਵਾ ਦ੍ਵੈਲੋਕ॥ ਹੈ ਪ੍ਰਮਾਣ ਉਨੀਸ ਮਹਿ ਮੁਕਤਿ ਦ੍ਵਾਰ ਸਿਵ ਓਕ ॥

੪ ਵੇਦ ੬ ਸ਼ਾਸਤਰ ੪ ਜੁਗ ਤਿੰਨ ਕਾਲ ਮਨੁਖ ਅਤੇ ਦੋਵੇ ਲੋਕ ਏਹਨਾਂ ਉੱਨੀਆਂ ਵਿਚ ਪਰਮਾਣ ਹੈ ਕਿ ਕਾਂਸ਼ੀ ਸ਼ਿਵਜੀ ਦਾ ਘਰ ਅਤੇ ਮੁਕਤੀ ਦਵਾਰਾ ਹੈ।

ਸਵੈਯਾ ॥ ਨਹਿ ਸੁਧ ਅਸੁਧ ਕੀ ਸੁਧ ਪਰੀ ਮਮ ਬੁਧਿ ਅਸੁਧ ਹੁਤੀ ਅਘ ਧਾਮਾ ॥

ਕਵੀ ਜੀ ਕੈਂਹਦੇ ਹਨ ਕਿ ਮੈਨੂੰ ਕੁਛ ਸੁਧ ਅਸੁਧ ਦੀ ਭੀ ਸੁਧੀ ਨਹੀਂ ਮੇਰੀ ਬੁਧੀ ਪਾਪਾਂ ਦਾ ਘਰ ਹੈ।

ਹਰਿਦਯਾਲ ਵਿਰੁਧ ਜੁ ਹੈ ਵਰਣਾਰਥ ਸੁਧਕਰੋ ਤੁਮਹੇ ਕਵਿ ਸਯਾਮਾ॥

ਜੋ ਅਰਥ ਘਟ ਵਧ ਹੋਵੇ ਜੋ ਅੱਖਰ ਨਾ ਬਣੇ ਬਣਾ ਦਿਓ।

ਨਭ ਨਾਗ ਸਿਧੀ ਸਸਿਸਾਵਣ ਸੰਬਤ ਮੰਗਲਥਿਤ ਛਟੀਪਖਸਯਾਮਾ॥

ਅਕਾਸ਼ ੦ ਨੌਕੁਲਾਂ ੯ ਸਿਧੀ ੮ ਚੰਦਰਮਾਂ ੧ ਮਹੀਨਾ ਸਾਵਣ ੧੮੪੦ ਥਿਤ ੬ ਹਨੇਰਾ ਪਖ ਸੀ।

ਚੂਹਣੀ ਪੁਰਿ ਮਾਹਿ ਅਰੰਭ ਕਰਯੋ ਇਤਿ ਸ੍ਰੀ ਲਵਧਾਮ ਸਭਾ ਜਿਤ ਨਾਮਾ ॥ ੨੨ ॥

ਚੂਹਣੀ ਪੁਰ ਵਿਚ ਏਹ ਪੋਥੀ ਅਰੰਭ ਕੀਤੀ ਅਤੇ ਲਾਹੌਰ ਸਮਾਪਤ ਹੋਈ।

ਦੋਹਰਾ ॥ ਨੌਮ ਸ੍ਵੈਯੇ ਸੋਰਠਿਕ ਤ੍ਰੈ ਕਬਿਤ ਲਲਤੇਕ ॥ ਦੋਵੇ ਪਾਂਚ ਨਰਾਜ ਦੁਇ ਇਕੀ ਛੰਦ ਬਿਬੇਕ ॥ ੨੩ ॥

ਨੌ ਸਵੈਯੇ ਇਕ ਸੋਰਠਾ ਤਰੈ ਕਬਿਤ ਇਕ ਲਲਤ ਪੰਜ ਦੋਹਰੇ ਨਰਾਜ਼ ਦੋ ਇਕੀ ਛੰਦ ਸਾਰੇ ਹਨ।

ਇਤਿ ਸ੍ਰੀ ਸਾਰੁਕਤਾਵਲੀ ਪੰਦ੍ਰਸ ਮਿਸ੍ਰਤ ਪਾਠ ॥ ਸਭਾ ਜਿਤ ਕੋ ਛੰਦ ਸਭ ਦੋਸੇ ਪਾਂਡਵ ਆਠ ॥ ੨੪ ॥

ਸਾਰਕੁਤਾਵਲੀ ਦਾ ਪੰਦਰਵਾਂ ਧਯਾਇ ਸਮਾਪਤ ਹੋਯਾ ਸਭਾਜਿਤ ਦੇ ਸਾਰੇ ਛੰਦ ੨੫੮ ਹਨ।

ਸਾਰਕੁਤਾਵਲੀ ਸੰਪੂਰਨ ॥

ਪ੍ਰਿੰਟਰ—ਸ. ਸੁੰਦਰ ਸਿੰਘ ਸੁੰਦਰ ਪ੍ਰਿੰਟਿੰਗ ਪਰੈਸ ਬਜਾਰ ਮਾਈ ਸੇਵਾਂ ਅੰਮ੍ਰਿਤਸਰ

Sri Satguru Jagjit Singh Ji Elibrary NamdhariElibrary@gmail.com

# ਅੱਠਾਂ ਦਿਨਾਂ ਵਿਚ ਆਪ ਕਮਜ਼ੋਰ ਤੋਂ ਜਵਾਨ ਬਣ ਸਕਦੇ ਹੋ



ਧਨੰਤਰੀ ਗੋਲੀਆਂ ਦੇ ਵਰਤਨ ਨਾਲ ਗਈ ਤਾਕਤ ਫੇਰ ਮੁੜ ਆਵੇਗੀ, ਖਾਸ ਕਰਕੇ ਕੁੱਵਤ ਮਰਦ ਬਹੁਤ ਤੇਜ਼ ਕਰਦੀ ਹੈ। ਇਤਨਾ ਤੇਜ਼ ਕਰ ਦੇਵੇ ਸੰਭਾਲਣਾ ਮੁਸ਼ਕਲ ਹੋ ਜਾਵੇਗਾ। ਨਾੜਾਂ ਦੀ ਕਮਜ਼ੋ ਥੋੜੇ ਦਿਨਾਂ ਵਿਚ ਦੂਰ ਕਰਕੇ ਲੋਹੇ ਵਰਗਾ ਬਣਾ ਦੇਗੀ ਹੱਥ ਦੀ ਗਰਮੀ ਤੋਂ ਹੋਈਆਂ ਬੀਮਾਰੀਆਂ ਨਾਲ ਜਵ ਵਿਚ ਬੁੱਢੇ ਬਣ ਗਿਆਂ ਨੂੰ ਮੁੜ ਜਵਾਨ ਕਰੇਗੀ। ਮੂੰਹ ਸ਼ਿੰਗਰਫ ਵਰਗਾ ਲਾਲ ਤੇ ਸੋਹਣਾ ਹੋ ਜਾਵੇਗਾ, ਅ ਨੂੰ ਤੇਜ਼, ਸਿਰ ਦਰਦ, ਬਦਹਜ਼ਮੀ, ਦਿਲ ਦੀ ਧੜ ਦਿਮਾਗ ਦੀ ਕਮਜ਼ੋਰੀ ਨੂੰ ਝਟਪਟ ਦੂਰ ਕਰਕੇ ਲਹੂ ਨੂੰ ਉਂਦੀਆਂ ਹਨ। ਸੁਪਨ ਦੋਸ਼ ਜਹੇ ਭੈੜੇ ਰੋਗ ਨੂੰ ਹਟਾਉਂ ਹਨ ਤੇ ਵੇਲੇ ਸਿਰ ਸਾਥੀ ਕੋਲੋਂ ਸ਼ਰਮਿੰਦਾ ਨਹੀਂ ਹੋਣ ਦੇ ਗਲ ਕਿ ਆਪ ਇਕ ਹਫ਼ਤੇ ਦੇ ਮਗਰੋਂ ਸ਼ੇਰ ਦੀ ਤ ਬਹਾਦਰ ਹੋ ਜਾਵੋਗੇ, ਕੀਮਤ ਇਕ ਸ਼ੀਸ਼ੀ ੩) ਤਿੰਨ ਰੁ ਤਿੰਨ ਸ਼ੀਸ਼ੀਆਂ ਪੂਰਾ ਕੋਰਸ ੭॥) ਸਤ ਰੁਪਏ ਅਠ ਆ ਡਾਕ ਖਰਚ ੧।) ਸਵਾ ਰੁਪਿਆ ਵਖਰਾ ਲਗੇਗਾ।

## ਧਨੰਤਰੀ ਲੇਪ

(ਤਿਲਾ ਨਮਰਦੀ ਨਾ

ਭੈੜੀਆਂ ਸੋਹਬਤਾਂ ਵਿਚ ਪੈਕੇ ਹੱਥਾਂ ਦੀ ਗਰਮੀ ਨਾਲ ਸਰੀਰ ਦੇ ਗੁਪਤ ਅੰਗ ਵਿਚ ਨੁਕ ਗਿਆ ਹੋਵੇ। ਮਰਦਾਨਾ ਕੰਮ ਪੂਰਾ ਨਾ ਦੇਂਦਾ ਹੋਵੇ, ਸਾਥੀ ਪਾਸ ਗਿਆਂ ਸ਼ਰਮ ਆਉਂਦੀ ਹੋ ਕਦ ਵਿਚ ਛੋਟਾ ਹੋ ਗਿਆ ਹੋਵੇ ਤਾਂ ਧਨੰਤਰੀ ਲੇਪ ਦੀ ਮਾਲਸ਼ ਕਰਦ ਹੀ ਬਿਜਲੀ ਜੈਸੀ ਤਾਕਤ ਅਤ ਫੌਲਾਦ ਜੈਸੀ ਸ਼ਕਤੀ ਪੈਦਾ ਹੋਗੀ। ਇਸਦਾ ਇਕ ਇਕ ਕਤਰਾ ਮੁਰਦਾ ਗੋਸ਼ਤ ਦੇ ਟੁਕੜੇ ਪਰ ਡਾਲੀਏ ਤਾਂ ਫੌਰਨ ਹਰਕਤ ਕਰਨੇ ਲਗੇਗਾ। ਕੀਮਟ ਬੜੀ ਸ਼ੀਸ਼ੀ ਪਰਾ ਕੋਰਸ ੫) ਪੰਜ ਰਪਏ, ਛੋਟੀ ਸ਼ੀਸ਼ੀ ੩) ਤਿੰਨ ਰੁਪਏ ਡਾਕ ਖਰਚ ੧।) ਸਵਾ ਰੁਪਿਆ ਵਖਰਾ। ਦੋਵੇਂ ਦਵਾਂਵਾਂ ਇਕੱਠੀਆਂ ਮਗਾਉਣ ਤੇ ਵੀ ਡਾਕ ਖਰਚ ੧।) ਸਵਾ ਰੁਪਿਆ ਹੀ ਲਗੇਗਾ।

## ਰੁਕਾਵਟ ਪਿਲਜ਼



ਇਹ ਗੋਲੀਆਂ ਇਮਸਾਕ (ਬੰਨ੍ਹ ਮਾਰਨ ਲਈ ਲਾ ਜਵਾਲ ਜਾਦੂ ਦਾ ਅਸਰ ਰਖਦੀਆਂ ਹਨ ਜੋ ਆਦਮੀ ਆਪਣੀ ਨੂੰ ਗ੍ਰਿਹਸਤ ਵਿਚ ਖੁਸ਼ ਨਹੀਂ ਰਖ ਸਕਦੇ ਜਾਂ ਜੋ ਆਦਮੀ ਗ੍ਰਿਹਸਤ ਦਾ ਜ਼ਿਆਦਾ ਵਕਤ ਲਗਾ ਕੇ ਅਨੰਦ ਲੈਣਾ ਚਾਹੁੰਦੇ ਹਨ, ਉਹ ਸਜਣ ਇਹ ਗੋਲੀਆਂ ਮੰਗਾ ਕੇ ਸਾਡੀ ਸਚਾਈ ਨੂੰ ਪਰਖ ਕੇ ਅਨੰਦ ਲੈਣ।

ਇਹ ਚੀਜ਼ ਰਾਜੇ ਮਹਾਂਰਾਜੇ ਕਿਸੇ ਸਮੇਂ ਆਪਣੇ ਸ਼ਾਹੀ ਵੈਦਾਂ ਪਾਸੋਂ ਬਣਵਾਇਆ ਕਰਦੇ ਸਨ। ਅਸੀਂ ਹਰ ਅਮੀਰ ਗਰੀਬ ਲਈ ਇਹਚੀਜ਼ ਵਾਜਬ ਕੀਮਤ ਤੇ ਵਰਤਕੇ ਜਵਾਨੀ ਦਾ ਫਾਇਡਾ ਉਠਾਓ। ਮੁਲ ਇਕ ਸ਼ੀਸ਼ੀ ਤਿੰਨ ਰੁਪਏ ਵਡੀ ਸ਼ੀਸ਼ ਡਾਕ ਖਰਚ ਸਵਾ ਰੁਪਿਆ ਵਖਰਾ ਲਗੇਗਾ।

ਹਾਂ,
ਪਏ

ਮੰਗਾਉਣ ਦਾ ਪਤਾ:-

**ਗਾ ਫਾਰਮੇਸੀ, ਬਜ਼ਾਰ ਮਾਈ ਸੇਵਾਂ, ਅੰਮ੍ਰਿ**

Sri Satguru Jagjit Singh Ji Elibrary NamdhariElibrary@gmail.com